ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪੨ ਜਿਲਦ ੩੦ ੨੯ ਅਕਤੂਬਰ - ੪ ਨਵੰਬਰ ੨੦੨੦, ੧੩-੧੯ ਕੱਤਕ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 42 Volume 30, 29 October - 4 November 2020
Yearly Subscription India 250/-, Abroad 2500/- and Life Membership India 2500/-, Abroad 25000/-

**ਪ੍ਰਕਾਸ਼-ਪੁਰਬ ਗੁਰੂ ਰਾਮਦਾਸ ਜੀ : 2 ਨਵੰਬਰ/ਕੱਤਕ ਵਦੀ ੨**

# ਸ੍ਰੀ ਰਾਮਦਾਸੁ ਤਾਰਣ ਤਰਣੰ

❖ ਗਿਆਨੀ ਮਹਾਂ ਸਿੰਘ

ਗੁਰੂ ਨਾਨਕ ਅਕਾਲ ਪੁਰਖ ਦੇ ਨੇੜੇ ਵਸਦਾ ਸੀ ਜਾਂ, ਨਿਰੰਕਾਰ ਗੁਰੂ ਨਾਨਕ ਦੇ ਨੇੜ ਵਸਦਾ ਸੀ, ਨਿਰੰਕਾਰ ਨੇ ਆਪਣੀ ਜੋਤ ਗੁਰੂ ਨਾਨਕ ਵਿਚ ਪ੍ਰਦਿਪਤ ਕੀਤੀ ਤੇ ਧਰਮ ਦਾ ਮਾਰਗ ਸਿਖੀ ਚਲਾਉਣ ਲਈ ਅਨੰਤ ਸ਼ਕਤੀਆਂ ਬਖਸ਼ਕੇ ਸੰਸਾਰ ਤੇ ਭੇਜਿਆ, ਸੰਸਾਰ ਤੇ ਆਕੇ ਆਪ ਨੇ ਭੁੱਲੇ ਭਟਕਿਆਂ ਨੂੰ ਸਾਈਂ ਦੇ ਨਾਮ ਦਾ ਸੰਦੇਸ਼ ਦਿਤਾ; ਮਨੁਖਤਾ ਦੇ ਰਾਹੋਂ ਭੁੱਲਿਆਂ, ਮਾਇਆ ਵਿਚ ਫਸਿਆਂ, ਚੋਰਾਂ ਠੱਗਾਂ ਤੇ ਕੁਰਾਹੇ ਜਾਂਦਿਆਂ ਨੂੰ ਅਸਲ ਸੁਖ ਦੇ ਰਾਹ ਦੀ ਸੂਝ ਦੇ ਕੇ ਨਿਰੰਕਾਰ ਨਾਲ ਜੋੜਿਆ, ਗਿਆਨ ਦਾ ਚਾਨਣ ਬਖਸ਼ਿਆ, ਸਾਰਾ ਜੀਵਨ ਇਸੇ ਸ਼ੁਭ ਕਰਮ ਤੇ ਖਰਚ ਕੀਤਾ। ਓਹੋ ਨਿਰੰਕਾਰ ਦੀ ਜੋਤਿ ਫਿਰ ਆਪ ਨੇ ਬਾਬਾ ਲਹਿਣਾ ਜੀ ਵਿਚ ਵਸਾ ਕੇ ਗੁਰੂ ਅੰਗਦ ਥਾਪ ਦਿਤਾ, ਗੁਰੂ ਅੰਗਦ ਨੇ ਸ੍ਰੀ ਅਮਰ ਦਾਸ ਭੱਲੇ ਨੂੰ ਉਹੀ ਜੋਤਿ ਬਖਸ਼ੀ ਤੇ ਫਿਰ ਗੁਰੂ ਅਮਰ ਦਾਸ ਨੇ ਸ੍ਰੀ ਗੁਰੂ ਰਾਮਦਾਸ ਸੋਢੀ ਨੂੰ ਆਪਣੀ ਹੱਥੀਂ ਆਪਣੀ ਥਾਵੇਂ ਥਾਪ ਦਿਤਾ। ਚੌਥੇ ਪਾਤਸ਼ਾਹ ਨੇ ਭੀ ਓਹੀ ਨਿਰੰਕਾਰ ਦੇ ਅਖੈ ਨਿਧਿ (ਕਦੇ ਨਾ ਨਾਸ਼ ਹੋਣ ਵਾਲਾ ਖਜ਼ਾਨਾ) ਨਾਮ ਦਾ ਅੰਮ੍ਰਿਤ ਪੀਤਾ। ਜੋ ਗੁਰੂ ਦੀ ਸੇਵਾ ਕਰਕੇ ਪ੍ਰਾਪਤ ਕੀਤਾ ਸੀ, ਅੱਗੇ ਵੰਡਿਆ, ਜਿਨ੍ਹਾਂ ਨੇ ਪ੍ਰਾਪਤ ਕੀਤਾ ਉਹਨਾਂ ਨੇ ਪਰਮ ਅਨੰਦ ਪ੍ਰਾਪਤ ਕੀਤਾ ਤੇ ਓਹ ਗੁਰਮੁਖ ਕਹਿਲਾਏ। ਨਿਰਸੰਸੇ ਗੁਰੂ ਰਾਮਦਾਸ ਜੀ ਦੀ ਦੇਹ ਪ੍ਰਤੱਖ ਪਾਰਬ੍ਰਹਮ ਸੁਆਮੀ ਦੀ ਦੇਹ ਹੈ, ਜੋ ਪਾਰਬ੍ਰਹਮ ਪੋਖਣ ਭਰਨ ਵਾਲਾ ਹੈ, ਰਾਜ਼ਕ ਹੈ। ਇਸ ਲਈ ਗੁਰੂ ਰਾਮਦਾਸ ਜੀ ਦੀ ਗਤੀ ਅਲੱਖ ਹੈ। ਆਪ ਸੇਵਕਾਂ ਨੂੰ ਜਹਾਜ਼ਵਤ ਤਾਰਣਹਾਰ ਹਨ, ਇਸ ਲਈ ਭੱਟ ਜੀ ਸਲਾਹ ਦਿੰਦੇ ਹਨ ਪਾਠਕਾਂ ਨੂੰ, ਸਿਖਾਂ ਨੂੰ ਕਿ ਅਲਖ ਗਤੀ ਵਾਲੇ ਸਤਿਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਜੁੱਟ ਜਾਓ ਤਾਂਕਿ ਤੁਸੀਂ ਬੀ ਤਰ ਜਾਓ।

ਸ੍ਰੀ ਗੁਰੂ ਰਾਮਦਾਸ ਸਾਡੇ ਚਉਥੇ ਪਾਤਸ਼ਾਹ ਹਨ, ਗੁਰੂ ਨਾਨਕ ਗੱਦੀ ਤੇ ਆਪ ਚੌਥੇ ਥਾਂ ਸੁਸ਼ੋਭਤ ਹੋਏ। ਆਪ ਜੀ ਦਾ ਅਵਤਾਰ ਕੱਤਕ ਵਦੀ ਦੂਜ ਸੰਮਤ ੧੫੯੧ ਬਿ: ਨੂੰ ਬਾਬਾ ਹਰਿਦਾਸ ਸੋਢੀ ਜੀ ਦੇ ਘਰ ਲਾਹੌਰ ਚੂਨਾ ਮੰਡੀ ਵਿਚ ਹੋਇਆ। ਆਪ ਜੀ ਦੀ ਮਾਤਾ ਜੀ ਦਾ ਪਵਿਤ੍ਰ ਨਾਮ ਮਾਤਾ ਦਯਾ ਕੌਰ ਸੀ। ਪਹਿਲੋਂ ਆਪ ਜੀ ਦਾ ਸ਼ੁਭ ਨਾਮ ਜੇਠਾ ਜੀ ਸੀ, ਰੁਚੀ ਧਾਰਮਕ ਭਾਵਾਂ ਵਾਲੀ ਹੋਣ ਕਰਕੇ ਛੋਟੀ ਉਮਰ ਵਿਚ ਘਰ ਦੇ ਕੰਮ ਕਰਦੇ ਸਾਧਾਂ ਸੰਤਾਂ ਦੇ ਮੇਲੀ ਸੇ। ਗੁਰੂ ਨਾਨਕ ਜੋਤਿ ਦੀ ਮਹਿਮਾ ਸੁਣੀ, ਹਿਰਦੇ ਚਾਵ ਉਮਗਿਆ, ਕੋਈ ਸੁਤੀਆਂ ਕਲਾਂ ਜਾਗ ਪਈਆਂ, ਲਾਹੌਰ ਤੋਂ ਕੋਈ ਸੰਗ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਸ੍ਰੀ ਗੋਇੰਦਵਾਲ ਲਈ ਟੁਰਿਆ, ਆਪ ਬੀ ਨਾਲ ਹੀ ਹੋ ਗਏ। ਗੋਇੰਦਵਾਲ ਪਹੁੰਚ ਤੀਸਰੇ ਪਾਤਸ਼ਾਹ ਦੇ ਦਰਸ਼ਨ ਕੀਤੇ, ਮਨ ਮੋਹਿਤ ਹੋ ਗਿਆ ਤੇ ਫਿਰ ਗੁਰੂ ਘਰ ਦੇ ਹੀ ਹੋ ਗਏ। ਇਤਿਹਾਸ ਦੱਸਦੇ ਹਨ ਇਥੇ ਹੀ ਆਪ ਜੀ ਦਾ ਵਿਵਾਹ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁਤ੍ਰੀ ਬੀਬੀ ਭਾਨੀ ਜੀ ਨਾਲ ਹੋਇਆ। ਪਰ ਫਿਰ ਬੀ ਹਿਰਦੇ ਵਿਚ ਗੁਰੂ ਪਾਤਸ਼ਾਹ ਦੇ ਜਵਾਈ ਹੋਣ ਦਾ ਮਾਨ ਨਹੀਂ ਉਪਜਿਆ, ਸਿੱਖੀ ਭਾਵ ਸ਼ਰਧਾ ਤੇ ਪ੍ਰੇਮ ਨਾਲ ਗੁਰੂ ਘਰ ਦੀ ਸੇਵਾ ਵਿਚ ਸਾਵਧਾਨ ਰਹਿ ਬਾਵਲੀ ਦੀ ਕਾਰ ਵਿਚ ਜੁੱਟਕੇ ਅਥਾਹ ਸੇਵਾ ਕੀਤੀ, ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮਾਂ ਦੀ ਪੂਰੀ ਪੂਰੀ ਪਾਲਣਾ ਐਸੀ ਕੀਤੀ ਕਿ ਹਉਮੈ ਦੀ ਲੇਸ਼ ਵੀ ਨੇੜੇ ਨਹੀਂ ਆਉਣ ਦਿਤੀ। ਉਧਰ ਬੀਬੀ ਭਾਨੀ ਜੀ ਨੇ ਆਪਣੇ ਗੁਰੂ ਪਿਤਾ ਜੀ ਦੀ ਸੇਵਾ ਬੀ ਧੀਆਂ ਵਾਂਗ ਨਹੀਂ ਪਰ ਸੇਵਕਾਂ ਵਾਂਗ ਕੀਤੀ, ਜਿਸ ਪਰ ਇਸ ਦੰਪਤੀ ਤੇ ਸ੍ਰੀ ਗੁਰੂ ਅਮਰਦਾਸ ਜੀ ਪਰਮ ਪ੍ਰਸੰਨ ਹੋਏ। ਇਤਿਹਾਸ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਬੜੀ ਦੀਰਘ ਆਯੂ ਵਾਲੇ ਸੇ, ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲੇ ਸ੍ਰੀ ਰਾਮਦਾਸ ਜੀ ਨੂੰ ਗੁਰੂ ਨਾਨਕ ਗੱਦੀ ਤੇ ਬਿਠਾ ਦਿਤਾ, ਇਸ ਵੇਲੇ ਗੁਰੂ ਰਾਮਦਾਸ ਜੀ ਦੀ ਆਯੂ ਲਗ ਪਗ ਚਾਲੀ ਬਰਸ ਦੀ ਸੀ।

## ਅੰਦਰ


- ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼ 3
- Sikhs in Denmark 7
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 9
- ਸੌ ਸਾਲ ਪਹਿਲਾਂ : ਕੀ ਤੁਸੀਂ ਤਯਾਰ ਹੋ.... 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਗੁਰੂ ਨਾਨਕ ਗੱਦੀ ਤੇ ਪਹਿਲੇ ਗੁਰੂ ਸਾਹਿਬਾਨ ਸੰਤਾਨ ਨੂੰ ਛੱਡਕੇ ਸੇਵਕਾਂ ਨੂੰ ਬਿਠਾਉਂਦੇ ਆਏ ਸਨ, ਪਰ ਦੱਸਦੇ ਹਨ ਕਿ ਬੀਬੀ ਭਾਨੀ ਜੀ ਨੇ ਇਹ ਵਰ ਆਪਣੇ ਪੂਜਨੀਕ ਪਿਤਾ ਜੀ ਤੋਂ ਮੰਗ ਲਿਆ ਸੀ, ਕਿ ਹੁਣ ਅਗੋਂ ਗੁਰੂ ਨਾਨਕ ਜੋਤੀ ਇਸੇ ਵੰਸ਼ ਵਿਚ ਰਹੇ (ਭਾਈ ਗੁਰਦਾਸ ਜੀ ਦੀ ਸਾਖ ਹੈ:- ਜਾਣਿ ਨ ਦੈਸਾਂ ਸੋਢੀਓ ਹੋਰਸਿ ਅਜਰੁ ਨ ਜਰਿਆ ਜਾਵੇ। (ਵਾਰ ੧/੪੭))।

ਸੋ ਪਿਛਲੀਆਂ ਸੱਤੇ ਪਾਤਸ਼ਾਹੀਆਂ ਸ੍ਰੀ ਗੁਰੂ ਰਾਮਦਾਸ ਜੀ ਦੇ ਵੰਸ਼ ਵਿਚ ਹੀ ਹੋਈਆਂ। ਪੰਜਵੇਂ ਪਾਤਸ਼ਾਹ ਆਪ ਜੀ ਦੇ ਸਪੁਤ੍ਰ ਸ੍ਰੀ ਗੁਰੂ ਅਰਜਨ ਦੇਵ ਜੀ ਹੋਏ, ਛੇਵੇਂ ਥਾਂ ਆਪ ਜੀ ਦੇ ਪੋਤ੍ਰੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਜੀ ਗੱਦੀ ਬੈਠੇ, ਸੱਤਵੇਂ ਥਾਂ ਗੁਰੂ ਰਾਮਦਾਸ ਜੀ ਦੇ ਪੋਤ੍ਰੇ ਦੇ ਪੋਤਰੇ, ਬਾਬਾ ਗੁਰਦਿਤਾ ਜੀ ਦੇ ਸਪੁਤ੍ਰ ਸ੍ਰੀ ਗੁਰੂ ਹਰਿਰਾਇ ਜੀ ਬੈਠੇ, ਅੱਠਵੇਂ ਥਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਹਰਿਰਾਇ ਜੀ ਦੇ ਸਪੁਤ੍ਰ ਗੁਰੂ ਨਾਨਕ ਗੱਦੀ ਦੇ ਵਾਰਸ ਹੋਏ। ਨੌਵੇਂ ਥਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਸਪੋਤ੍ਰੇ ਸ੍ਰੀ ਹਰਿਗੋਬਿੰਦ ਜੀ ਦੇ ਛੋਟੇ ਸਪੁਤ੍ਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਬੈਠੇ ਤੇ ਫਿਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸੁਪਤ੍ਰ ਦਸਮੇ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਤਾ ਗੱਦੀ ਪਰ ਸਥਾਪਤ ਹੋਏ। ਇਸ ਸਾਰੇ ਗੁਰੂ ਗੱਦੀ ਵੰਸ਼ ਬ੍ਰਿਛ ਦੇ ਸ੍ਰੀ ਗੁਰੂ ਰਾਮਦਾਸ ਜੀ ਮੁੱਢ ਸੇ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਤਾ ਭਾਵੇਂ ਕੇਵਲ ਸਤ ਸਾਲ ਹੀ ਕੀਤੀ ਪਰ ਬੜੇ ਭਾਰੀ ਉਪਕਾਰ ਦੇ ਕੰਮ ਕੀਤੇ। ਸਿਖਾਂ ਦੇ ਰਾਜ ਤੀਰਥ ਸ੍ਰੀ ਅੰਮ੍ਰਿਤ ਸਰੋਵਰ ਦੀ ਸਿਰਜਨਾ ਦਾ ਸਭ ਤੋਂ ਮਹਾਨ ਕਾਰਜ ਆਪ ਜੀ ਨੇ ਹੀ ਕੀਤਾ। ਤੀਸਰੇ ਪਾਤਸ਼ਾਹ ਜੀ ਨੇ ਥੋੜੀ ਸੇਵਾ ਕੀਤੀ ਸੀ ਪਰ ਕਾਰਜ ਸਿਰੇ ਨਹੀਂ ਸੀ ਚੜ੍ਹਿਆ, ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਇਹ ਆਗਜਾ ਬਖਸ਼ੀ ਕਿ ਇਸ ਕਾਰਜ ਨੂੰ ਆਪ ਨੇ ਸਿਰੇ ਚੜ੍ਹਾਉਣਾ ਹੈ। ਆਪ ਨੇ ਹਰੀ ਮੰਦਰ ਤੇ ਸਰੋਵਰ ਦੀ ਸੇਵਾ ਕਰਵਾਈ ਤੇ ਫਿਰ ਇਸ ਤੀਰਥ ਰਾਜ ਦੇ ਨੇੜੇ ਨਗਰ ਵਸਾਇਆ, ਜਿਸ ਦਾ ਨਾਮ ਤਦੋਂ 'ਗੁਰੂ ਕਾ ਚੱਕ' ਯਾ 'ਰਾਮਦਾਸ ਪੁਰਾ' ਪ੍ਰਸਿਧ ਹੋਇਆ, ਪਰ ਮਗਰੋਂ ਸਰੋਵਰ ਦੇ ਨਾਮ ਤੇ ਹੀ 'ਅੰਮ੍ਰਿਤਸਰ ਸ਼ਹਿਰ' ਵਜਿਆ। ਭਾਈ ਗੁਰਦਾਸ ਜੀ ਲਿਖਦੇ ਹਨ:-

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥**
**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥**

ਇਸ ਤੋਂ ਛੁਟ ਦੂਰੋਂ ਦੂਰੋਂ ਆਏ ਜਗਿਆਸੂਆਂ ਨੂੰ ਗੁਰੂ ਸੇਵਾ ਦੀ ਸੂਝ ਤੇ ਨਾਮ ਦੇ ਲੜ ਲਾਕੇ ਤਾਰਿਆ, ਲੰਗਰ ਦੀ ਰੀਤੀ ਨੂੰ ਜੋਰ ਨਾਲ ਚਲਾਇਆ ਤੇ ਗੁਰਸਿੱਖੀ ਦਾ ਘੇਰਾ ਚਉੜੇਰਾ ਕੀਤਾ। (ਵਾਰ ੧/੪੭)

ਜਿਵੇਂ ਗਯੰਦ ਭੱਟ ਨੇ ਸਵੱਯੇ ਵਿਚ ਗੁਰੂ ਰਾਮਦਾਸ ਜੀ ਦੀ ਮਹਿਮਾ ਕਰਦਿਆਂ ਕਿਹਾ ਹੈ: "ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ" ਤਿਵੇਂ ਆਪ ਜੀ ਦੀ ਅਲੂਹੀਅਤ ਅਨੁਭਵ ਕਰਕੇ ਸਤੇ ਬਲਵੰਡ ਨੇ ਬੀ ਅੱਖੀਂ ਵੇਖਕੇ ਇਨ੍ਹਾਂ ਲਫਜ਼ਾਂ ਵਿਚ ਸ਼ਾਖ ਭਰੀ ਹੈ: "ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ"।

ਆਓ ਅਸੀਂ ਬੀ ਅੱਜ ਉਹਨਾਂ ਦੇ ਅਵਤਾਰ ਪੁਰਬ ਪਰ ਉਸ 'ਆਦਿ ਰੂਪ ਪੋਖਣ ਭਰਣੰ' ਤੇ 'ਪਰਤਖਿ ਦੇਹ ਪਾਰਬ੍ਰਹਮੁ ਸੁਆਮੀ' ਦੀ ਸਿਦਕ ਭਾਵਨਾਂ ਵਿਚ ਆਕੇ 'ਗੁਰ ਰਾਮਦਾਸ ਰਾਖਹੁ ਸਰਣਾਈ' ਦੀ ਮੰਗ ਮੰਗੀਏ ਤੇ ਅਲਖ ਗਤੀ ਵਾਲੀ ਗੁਰੂ ਰਾਮਦਾਸ ਸਤਿਗੁਰੂ ਦੀ ਸੇਵਾ ਵਿਚ ਸਾਵਧਾਨ ਹੋਕੇ ਉਹਨਾਂ ਦੀ ਬਾਣੀ ਵਿਚ ਦੱਸੇ ਉਪਦੇਸ਼ਾਂ ਪਰ ਚੱਲਕੇ, ਨਿਸਤਾਰਾ ਪ੍ਰਾਪਤ ਕਰੀਏ।

**-ਖਾ.ਸ. 15 ਅਕਤੂਬਰ, 1970**

## ਅੱਜ ਚੰਦ੍ਰਮਾ ਕੀ ਆਖਦਾ ਹੈ?

ਚਮਕੂੰ ਸਾਰੀ ਮੈਂ ਰਾਤ, ਝਲਕਾਂ ਦਿਊਂ ਚਾਨਣੇ ਵਾਲੀਆਂ,
ਪਾ ਨ ਸੱਕੇਗਾ ਝਾਤ, ਹਨੇਰਾ ਕਿਸੇ ਪਾਸਿਓਂ ਅੱਜ ਨੂੰ।
ਸੱਚੇ ਚਾਨਣ ਦੀ ਦਾਤ, ਪਜਾਰੀ ਹੈ ਅਜ ਜੋਤ ਨੇ ਪ੍ਰਗਟਣਾਂ,
ਧਾਤੂ ਮਿਲਦੀ ਹੈ ਧਾਤ, ਚਾਨਣ ਤਿਵੇਂ ਚਾਨਣਾਂ ਆਦਰੇ,
ਮੇਰਾ ਚਾਨਣ ਚਹਿ ਮਾਤ ਉਸ ਆਤਮਕ ਚਾਨਣੇ ਸਾਮ੍ਹਣੇ,
ਐਪਰ ਏਹੋ ਸੁਗਾਤ ਨਿਮਾਣੇ ਨੇ ਹੈ, ਅਰਪਣੀ ਜੋਤ ਨੂੰ
ਜਿੱਕੂੰ ਮੇਟਣ ਨੂੰ 'ਰਾਤ-ਹਿਰਦੇ-ਹਨੇਰੇ ਨੂੰ ਓ ਆਂਵਦਾ,
ਤਿੱਕੂੰ ਛੱਡਾਂ ਨਾ ਜਾਤ, ਕਿਧਰੇ ਹਨੇਰੇ ਦੀ ਅੱਜ ਰਾਤ ਮੈਂ,
ਸੁੰਝੋਂ ਲੈ ਕੇ ਪ੍ਰਭਾਤ ਤੱਕ ਚਾਨਣੀ ਰੈਨ ਨੂੰ ਰੱਖਸਾਂ,
ਸੋਚੋ ਸੋਚੋ ਏ ਬਾਤ, ਗੁਰਪੁਰਬ ਦੀ ਰੈਣ ਜਜੋਂ ਚਾਨਣੀ,
ਮੇਟੋ ਹਿਰਦਿਓਂ ਤਾਤ, ਹਿਰਦੇ ਖਿੜੇ ਪ੍ਰੇਮ ਦਾ ਚਾਨਣਾ,
ਲੱਖਾਂ ਸੂਰਜ ਚੰਦਾਤ ਦੇ ਨਾ ਸਕਣ ਪ੍ਰੇਮ ਦੀ ਚਾਨਣੀ,
ਏ ਤਾਂ ਸਤਿਗੁਰ ਦੀ ਦਾਤ ਪੈਰੀਂ ਪਵੋ ਅੱਜ ਹੀ ਮੰਗ ਲੌ।

## ਆ ਮਿਲ ਜਾ ਸਤਿਗੁਰ ਪਜਾਰਿਆ!

ਏ ਜੀਉੜਾ ਤੈਥੋਂ ਵਾਰਿਆ, ਤੇਰੇ ਚਰਨਾਂ ਤੋਂ ਬਲਿਹਾਰਿਆ,
ਪਾ ਫੇਰਾ ਤਾਰਨ ਹਾਰਿਆ! ਆ ਮਿਲ ਜਾ ਸਤਿਗੁਰ ਪਜਾਰਿਆ!
ਗੁਣ ਪੱਲੇ ਰਾਸ ਨ ਮੁੱਝ ਦੇ ਮਨ ਤਨ ਹਨ ਅਵਗੁਣਿ ਭੁੱਜਦੇ,
ਪਰ ਤਰਸਨ ਨੈਣ ਦੀਦਾਰਿਆ; ਆ ਮਿਲ ਜਾ ਸਤਿਗੁਰ ਪਜਾਰਿਆ!
ਹੇ ਕਲਗੀ ਵਾਲੇ ਮਾਲਕਾ! ਹੇ ਰਬ ਸਾਂਈਂ ਦੇ ਬਾਲਕਾ!
ਜਿਨ ਜਗ ਨੂੰ ਆਪੇ ਤਾਰਿਆ, ਆ ਮਿਲ ਜਾ ਸਤਿਗੁਰ ਪਜਾਰਿਆ!
ਤੂੰ ਇਕੋ ਹੀ ਸਮਰੱਥ ਹੈਂ, ਮੈਂ ਤਾਰਨ ਜਿਸ ਦੇ ਹੱਥ ਹੈ,
ਜਿਨ ਪਾਪਾਂ ਪਕੜ ਪਛਾੜਿਆ, ਆ ਮਿਲ ਜਾ ਸਤਿਗੁਰ ਪਜਾਰਿਆ!
ਹੁਣ ਬਖਸ਼ੀਂ ਮੈਂ ਬਲਿਹਾਰਨੇ, ਨਾ ਔਗੁਣ ਚਿੱਤ ਚਿਤਾਰਨੇ,
ਹੁਣ ਬਖਸ਼ ਮਿਲਾਵਣ ਹਾਰਿਆ! ਆ ਮਿਲਜਾ ਸਤਿਗੁਰ ਪਜਾਰਿਆ!
ਅਜ ਲੋਕ ਕਹਿਣ ਗੁਰਪੁਰਬ ਹੈ, ਮੈਂ ਵਿਚ ਨ ਕੋਈ ਕੁਰਬ ਹੈ,
ਕਰ ਮਿਹਰ ਤੇ ਦੇਹ ਦੀਦਾਰਿਆ, ਆ ਮਿਲ ਜਾ ਸਤਿਗੁਰ ਪਜਾਰਿਆ!

## ਰਾਜ ਹੰਸਾ ਤੂੰ!

ਨਾ ਜਾਲੀ ਲਾ, ਨਾ ਪਿੰਜਰਾ ਲੈ, ਹੁਮਾ ਨੂੰ ਫੜ ਨਾ ਹੰਸਾ ਨੂੰ;
ਨ ਸੋਚੀਂ ਕੈਦ ਪਾਣੇ ਦੀ ਤੂੰ ਪੰਛੀ ਉੱਚ-ਅੰਸ਼ਾਂ ਨੂੰ।
ਨ ਰੀਝਨ ਚੋਗਿਆਂ ਤੇ ਓ ਕਿਵੇਂ ਉਤਰਨਗੇ ਜਾਲੀ ਤੇ?
ਫਸਾ ਸਕਦਾ ਨਹੀਂ ਹੈਂ ਤੂੰ ਕਿਸੇ ਬਿਧਿ ਸੂੱਛ ਵੰਸਾਂ ਨੂੰ।
ਓ ਵਿਚਰਨ ਜਿਸ ਜਗ੍ਹਾ ਖੁੱਲ੍ਹੇ ਤੇ ਕਰਦੇ ਕੇਲ ਫਿਰਦੇ ਹਨ,
ਤੂੰ ਜਾ ਉਸ ਥਾਂ ਦਰਸ ਪਰਸਨ ਮਿਟਾਂ ਦਿਲ ਮੈਲ ਮੰਸਾਂ ਨੂੰ।
ਅਦਬ ਭੈ ਨਾਲ ਜਾਵੀਂ ਤੂੰ ਸੁਣੀਂ ਸੰਗੀਤ ਓਹਨਾਂ ਦੇ,
ਲਈਂ ਸਿਖ ਵਲ ਨਿਖੇੜਨ ਦਾ ਅਸਾਰੋਂ ਸਾਰ-ਅੰਸ਼ਾਂ ਨੂੰ।
ਲਈਂ ਫਿਰ ਛੋਹ ਹੰਸਾਂ ਦੀ ਤੇ ਛਾਯਾ ਲਈਂ ਹੁਮਾ ਦਾ ਤੂੰ
ਮੁੜੇਂਗਾ ਫੇਰ ਹੋ ਆਪੇ ਹੁਮਾ ਤੂੰ ਰਾਜ ਹੰਸਾ ਤੂੰ!

**-ਕੰਬਦੀ ਕਲਾਈ, ਭਾਗ-੧**

# ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼

❖ ਹਰਪਾਲ ਸਿੰਘ ਪੰਨੂ

ਪ੍ਰੋ. ਗੁਲਵੰਤ ਸਿੰਘ ਉੱਪਰ ਤਿੰਨ ਦਹਾਕੇ ਪਹਿਲਾਂ ਸ਼ਬਦ-ਚਿੱਤਰ ਲਿਖਿਆ ਜਿਸ ਵਿੱਚ ਪਾਠਕ ਇੱਕ ਘਟਨਾ ਪੜ੍ਹ ਚੁੱਕੇ ਹਨ। ਸੈਰ ਕਰਦਿਆਂ ਕਹਿੰਦੇ- ਮਲਕਾ ਵਿਕਟੋਰੀਆ ਲਈ ਬਕਿੰਘਮ ਪੈਲੇਸ ਜਿਸ ਨੇ ਡਿਜ਼ਾਈਨ ਕੀਤਾ ਸੀ, ਸਿੱਖ ਸੀ ਕੋਈ। ਜਾਣਦੇ ਹੋ ਉਸਦਾ ਨਾਮ? ਨਹੀਂ ਜਾਣਦਾ ਸਾਂ। ਕਹਿੰਦੇ- ਅੱਜ ਨਹੀਂ, ਕਦੀ ਫੇਰ ਦੱਸਾਂਗਾ। ਦਸ ਕੁ ਦਿਨ ਬਾਅਦ ਕਹਿੰਦੇ- ਭਾਈ ਰਾਮ ਸਿੰਘ। ਉਸ ਦਿਨ ਤੋਂ ਲੈ ਕੇ ਅੱਜ ਤੱਕ ਭਾਈ ਰਾਮ ਸਿੰਘ ਵਾਸਤੇ ਜਾਣਕਾਰੀ ਇਕੱਤਰ ਕਰਦਾ ਰਿਹਾ। ਆਖ਼ਰ ਖੰਨੇ ਦੇ ਵਕੀਲ, ਮੇਰੇ ਪਾਠਕ ਪਰਮਜੀਤ ਸਿੰਘ ਸ਼ਾਹੀ, ਪਰਵੇਜ਼ ਵੰਡਾਲ ਅਤੇ ਉਨ੍ਹਾਂ ਦੀ ਬੀਵੀ ਸਾਜਿਦਾ ਵੰਡਾਲ ਰਚਿਤ ਕਿਤਾਬ *The Raj, Lahore & Bhai Ram Singh* ਗਿਫਟ ਦੇ ਗਏ। ਇਸੇ ਕਿਸਮ ਦੀ ਕਿਤਾਬ ਦਾ ਹੱਕਦਾਰ ਸੀ ਰਾਮ ਸਿੰਘ ਜੋ ਪਾਕਿਸਤਾਨੀ ਜੋੜੀ ਨੇ ਤਿਆਰ ਕੀਤੀ। ਜਿਸ ਮੇਓ ਸਕੂਲ ਆਫ਼ ਆਰਟ ਵਿੱਚ ਰਾਮ ਸਿੰਘ ਪੜ੍ਹਿਆ, ਉੱਥੇ ਅਧਿਆਪਨ ਕੀਤਾ, ਉਥੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਇਆ। ਉਸ ਸੰਸਥਾ ਦਾ ਨਾਮ ਅੱਜ ਨੈਸ਼ਨਲ ਕਾਲਜ ਆਫ਼ ਆਰਟਸ, ਲਾਹੌਰ ਹੈ। ਇਸੇ ਕਾਲਜ ਨੇ ਆਪਣੇ ਵਿਦਿਆਰਥੀ ਉੱਪਰ ਲਿਖੀ ਕਿਤਾਬ ਪ੍ਰਕਾਸ਼ਿਤ ਕੀਤੀ ਹੈ। ਦੋ ਸੌ ਅਠਾਹਠ ਪੰਨਿਆਂ ਦੀ ਇਹ ਸ਼ਾਨਦਾਰ ਕਿਤਾਬ ਲਿਖਣ ਪਿੱਛੋਂ ਵੰਡਾਲ ਪਰਿਵਾਰ ਜੇ ਹੋਰ ਕੁਝ ਵੀ ਨਾ ਲਿਖੇ ਤਾਂ ਵੀ ਉਨ੍ਹਾਂ ਦਾ ਜਸ ਕਾਇਮ ਰਹੇਗਾ। ਪਾਕਿਸਤਾਨੀਆਂ ਨੇ ਕਿਤਾਬ ਲਿਖ ਦਿੱਤੀ, ਮੈਨੂੰ ਇੱਕ ਲੇਖ ਲਿਖਣਾ ਔਖਾ ਲੱਗਦਾ ਰਿਹਾ! ਭਾਈ ਰਾਮ ਸਿੰਘ ਨੇ ਮੇਰੇ ਕੰਨ ਵਿੱਚ ਕਿਹਾ:

**ਮੈਂ ਇੱਕ ਤੁਮਹਾਰੇ ਲੀਏ ਅਜਨਬੀ ਹੂੰ ਮਗਰ ਚਾਂਦ ਤਾਰੇ ਮੁਝੇ ਜਾਨਤੇ ਹੈਂ।**

ਰਾਮ ਸਿੰਘ ਨੇ ਬਕਿੰਘਮ ਮਹਿਲ ਤਿਆਰ ਨਹੀਂ ਕੀਤਾ ਸੀ, ਅਸਬਰਨ ਮਹਿਲ ਦਾ ਦਰਬਾਰ ਹਾਲ ਉਸਾਰਿਆ ਸੀ, ਅੰਦਰ ਬਾਹਰ ਦੀ ਸਜਾਵਟ ਕੀਤੀ ਸੀ। ਦੁਨੀਆ ਭਰ ਦੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਡਿਜ਼ਾਈਨ ਮੰਗੇ ਗਏ ਸਨ। ਜਿਸ ਹੁਨਰਮੰਦ ਦਾ ਨਕਸ਼ਾ ਆਖ਼ਰ ਪਾਸ ਹੋਇਆ ਉਹ ਤੀਹ ਸਾਲ ਦੀ ਉਮਰ ਦੇ ਰਾਮ ਸਿੰਘ ਦਾ ਸੀ। ਮਲਕਾ ਨੇ ਉਸਨੂੰ ਬਤੌਰ ਸ਼ਾਹੀ ਮਹਿਮਾਨ ਸੱਦਾ ਦਿੱਤਾ, ਉਸਦੇ ਸਵਾਗਤ ਵਿੱਚ ਰਾਇਲ ਡਿਨਰ ਦਾ ਇੰਤਜ਼ਾਮ ਕੀਤਾ, ਇੰਗਲੈਂਡ ਦੀ ਆਨਰੇਰੀ ਨਾਗਰਿਕਤਾ ਦਿੱਤੀ। ਐਮ. ਵੀ.ਓ.(MVO), ਯਾਨੀ ਕਿ ਮੈਂਬਰ ਆਫ਼ ਵਿਕਟੋਰੀਅਨ ਆਰਡਰ ਪ੍ਰਦਾਨ ਕੀਤਾ। ਜਿਸ ਪਾਸ ਇਹ ਸਨਮਾਨ ਹੋਵੇ ਮਲਕਾ ਦੇ ਰਾਜ ਵਿਚ, ਬੋਲਣ ਅਤੇ ਲਿਖਣ ਵਕਤ ਉਸਨੂੰ 'ਸਰ' ਕਹਿਕੇ ਸੰਬੋਧਨ ਕੀਤਾ ਜਾਏਗਾ।


ਇੱਕ ਮਹੀਨੇ ਵਾਸਤੇ ਇਹ ਸੋਚ ਕੇ ਗਿਆ ਸੀ ਕਿ ਅੰਗਰੇਜ਼ ਕਾਰੀਗਰਾਂ ਨੂੰ ਨਕਸ਼ੇ ਦਿਖਾਕੇ, ਡਿਜ਼ਾਈਨ ਸਮਝਾ ਕੇ ਪਰਤ ਆਵਾਂਗਾ। ਗੋਰੇ ਉਸਰਈਏ ਮਲਕਾ ਨੂੰ ਮਿਲੇ ਤੇ ਕਿਹਾ- ਇਨ੍ਹਾਂ ਬਗ਼ੈਰ ਅਸੀਂ ਕੁਝ ਨਹੀਂ ਕਰਨ ਜੋਗੇ। ਕੰਮ ਪੂਰਾ ਹੋਣ ਤੱਕ ਇੱਥੇ ਰਹਿਣ ਲਈ ਮਨਾਉ। ਮਨਾ ਲਿਆ। ਮਲਕਾ ਨੇ ਵੱਖਰੀ ਰਿਹਾਇਸ਼ ਦਾ ਇੰਤਜ਼ਾਮ ਕਰਕੇ ਰਾਇਲ ਸਟਾਫ਼ ਨੂੰ ਹਦਾਇਤ



ਰੁਡੋਲਫ਼ ਸਵੋਬੋਡਾ ਦੁਆਰਾ 1892 'ਚ ਬਣਾਈ ਭਾਈ ਰਾਮ ਸਿੰਘ ਦੀ ਪੇਂਟਿੰਗ

ਕੀਤੀ: ਭਾਈ ਰਾਮ ਸਿੰਘ ਦੇ ਕੰਮ ਕਰਨ ਵਾਲੀ ਥਾਂ ਅਤੇ ਰਿਹਾਇਸ਼ ਦੇ ਲਾਗੇ ਤਾਗੇ ਤੰਬਾਕੂ ਦੀ ਦੁਰਗੰਧ ਨਹੀਂ ਆਉਣੀ ਚਾਹੀਦੀ, ਖਾਣੇ ਵਿੱਚ ਬੀਫ ਜਾਂ ਹਲਾਲ ਗੋਸ਼ਤ ਸ਼ਾਮਲ ਨਹੀਂ ਹੋਣਾ ਚਾਹੀਦਾ।

ਹਾਲ ਦਾ ਨਾਮ ਰੱਖਿਆ ਗਿਆ ਸੀ ਇੰਡੀਅਨ ਰੂਮ। ਰਾਮ ਸਿੰਘ ਨੇ ਮਲਕਾ ਨੂੰ ਕਿਹਾ- ਇਹ ਨਾਮ ਸੁਹਣਾ ਨਹੀਂ, ਇਸ ਵਿੱਚ ਸੌਂਦਰਯ ਬੋਧ ਵਾਲੀ ਧੁਨ ਗ਼ਾਇਬ ਹੈ। ਇਸਦਾ ਨਾਮ ਹੋਵੇਗਾ- ਦਰਬਾਰ ਹਾਲ। ਇੰਡੀਅਨ ਕਹਿਣ ਦੀ ਲੋੜ ਨਹੀਂ, ਦਰਬਾਰ ਹਾਲ ਮਾਇਨੇ ਰੱਾਇਲ ਕੋਰਟ ਆਫ਼ ਏਸ਼ੀਆ। ਨਾਮ ਬਦਲ ਦਿੱਤਾ। ਮਹਿੰਗੇ ਕਲਾਕਾਰਾਂ ਨੂੰ ਮਹਿਲ ਵਿੱਚ ਬੁਲਾ ਕੇ ਮਲਕਾ ਨੇ ਜਿਹੜੇ ਤਿੰਨ ਹਿੰਦੁਸਤਾਨੀਆਂ ਦੀਆਂ ਪੇਂਟਿੰਗਜ਼ ਬਣਵਾ ਕੇ ਮਹਿਲ ਦੀਆਂ ਕੰਧਾਂ ਸ਼ਿੰਗਾਰੀਆਂ, ਉਹ ਹਨ ਮਹਾਰਾਜਾ ਦਲੀਪ ਸਿੰਘ, ਮੁਨਸ਼ੀ ਅਬਦੁਲ ਕਰੀਮ ਅਤੇ ਆਰਟ ਇੰਜੀਨੀਅਰ ਭਾਈ ਰਾਮ ਸਿੰਘ। ਤਿੰਨੇ ਦਸਤਾਰਧਾਰੀ। ਰਾਮ ਸਿੰਘ ਨਾਲ ਲੰਡਨ ਤੁਹਾਨੂੰ ਠਹਿਰ ਕੇ ਲਿਜਾਵਾਂਗੇ, ਪਹਿਲਾਂ ਉਸ ਦੇ ਬਚਪਨ ਅਤੇ ਵਿੱਦਿਆ ਬਾਬਤ ਕੁਝ ਜਾਣਕਾਰੀ ਲਈਏ।




**ਸਦਨ ਵਿਖੇ ਆਯੋਜਿਤ ਸਤਵੇਂ ਭਾਈ ਚਾਨਣ ਸਿੰਘ ਮੈਮੋਰੀਅਲ ਲੈਕਚਰ ਤਹਿਤ ਪ੍ਰੋ. ਪਰਵੇਜ਼ ਵੰਡਾਲ 'ਕੋਲੋਨੀਅਲ ਲਾਹੌਰ ਐਂਡ ਭਾਈ ਰਾਮ ਸਿੰਘ' ਵਿਸ਼ੇ 'ਤੇ ਲੈਕਚਰ ਕਰਦੇ ਹੋਏ।**

ਵੰਡਾਲ ਜੋੜੀ ਆਰਕੀਟੈਕਟ ਮਾਹਿਰ ਹਨ ਜਿਨ੍ਹਾਂ ਨੇ ਭਾਈ ਰਾਮ ਸਿੰਘ ਉੱਪਰ ਪਹਿਲਾ ਖੋਜ ਪੱਤਰ 1985 ਵਿੱਚ ਛਪਵਾਇਆ, ਫਿਰ 2001 ਵਿੱਚ ਲਾਹੌਰ ਸ਼ਹਿਰ ਦੇ ਵਿਕਾਸ ਉੱਪਰ ਲੇਖ ਲਿਖਿਆ ਜਿਸ ਵਿੱਚ 1846 ਤੋਂ 1900 ਈ. ਤੱਕ ਦੇ ਲਾਹੌਰ ਦਾ ਵਰਣਨ ਸੀ। ਸਾਰਥਕ ਹੁੰਗਾਰਾ ਮਿਲਣ ਕਾਰਨ ਇਸ ਵਿਸ਼ੇ ਉੱਪਰ ਸਾਲ 2000 ਵਿੱਚ ਕਿਤਾਬ ਲਿਖਨ ਦੀ ਸੋਚੀ ਤਾਂ ਭਾਰਤ-ਪਾਕਿ ਹਾਲਾਤ ਸੁਖਾਵੇਂ ਨਾ ਹੋਣ ਕਾਰਨ ਇਨ੍ਹਾਂ ਨੂੰ ਆਸ ਨਹੀਂ ਸੀ ਕਿ ਪਰਿਵਾਰ ਨੂੰ ਮਿਲਿਆ ਜਾ ਸਕੇਗਾ ਤੇ ਭਾਰਤ ਵਿਚਲੀ ਉਸਾਰੀ ਦਾ ਕੋਈ ਸਰਵੇਖਣ ਹੋ ਸਕੇਗਾ ਪਰ 2004 ਵਿੱਚ ਆਗਿਆ ਮਿਲ ਗਈ। ਅੰਮ੍ਰਿਤਸਰ ਤੋਂ ਇਲਾਵਾ ਨਾਭਾ, ਕਪੂਰਥਲਾ ਅਤੇ ਪਟਿਆਲਾ ਵੀ ਦੇਖਿਆ ਜਿੱਥੇ ਦੀਆਂ ਇਮਾਰਤਾਂ ਰਾਮ ਸਿੰਘ ਦੇ ਹੱਥਾਂ ਦੀਆਂ ਵਾਹੀਆਂ ਲਕੀਰਾਂ ਵਿੱਚੋਂ ਜਨਮੀਆਂ ਸਨ। ਰਾਮ ਸਿੰਘ ਦੀ ਪੋਤ ਨੂੰਹ, ਰਾਣੀ ਸੋਹਲ ਅਤੇ ਰਾਣੀ ਦੇ ਬੇਟਿਆਂ ਨੂੰ ਮਿਲ ਕੇ ਜ਼ਬਾਨੀ ਤੱਥ ਇਕੱਠੇ ਕੀਤੇ। ਪਰਿਵਾਰ ਪਾਸ ਭਾਈ ਸਾਹਿਬ ਦੇ ਨਕਸ਼ੇ ਸੁਰੱਖਿਅਤ ਪਏ ਹਨ ਪਰ ਲੰਮਾ ਸਮਾਂ ਬੀਤਣ ਕਾਰਨ ਭੁਰ ਰਹੇ ਹਨ।

ਅੰਗਰੇਜ਼ਾਂ ਨੇ ਸੋਚਿਆ ਨਹੀਂ ਸੀ ਕਿ ਭਾਰਤ ਵਿੱਚੋਂ ਕਦੀ ਜਾਣਾ ਵੀ ਪੈ ਸਕਦਾ ਹੈ। ਕਿਉਂਕਿ ਇੱਥੇ ਰਹਿਣਾ ਹੈ, ਰਿਹਾਇਸ਼ ਰੋਅਬਦਾਬ ਵਾਲੀ ਹੋਵੇ ਤਾਂ ਕਿ ਪਤਾ ਲੱਗੇ ਹਾਕਮ ਰਹਿ ਰਹੇ ਹਨ। ਭਾਰਤ ਦਾ ਵਾਤਾਵਰਨ ਯੋਰਪ ਨਾਲੋਂ ਬਿਲਕੁਲ ਵੱਖਰਾ ਸੀ। ਖਪਰੈਲਾਂ ਅਤੇ ਢਾਲਵੀਆਂ ਛੱਤਾਂ ਗਰਮੀ ਅਤੇ ਸਰਦੀ ਤੋਂ ਬਚਾਉ ਨਹੀਂ ਕਰ ਸਕਦੀਆਂ। ਉਨ੍ਹਾਂ ਨੂੰ ਭਾਰਤੀ ਇਮਾਰਤਸਾਜ਼ੀ ਪਸੰਦ ਨਹੀਂ ਸੀ ਪਰ ਬਰਤਾਨੀਆ ਦੀ ਇਮਾਰਤਸਾਜ਼ੀ ਚੱਲ ਨਹੀਂ ਸਕਣੀ, ਕੋਈ ਵਿਚਕਾਰਲਾ ਰਸਤਾ ਲੱਭਿਆ ਜਾਵੇ। ਵੱਖ-ਵੱਖ ਪ੍ਰਦੇਸਾਂ ਵਿੱਚ ਮੇਓ ਸਕੂਲ ਆਫ਼ ਆਰਟ ਸਥਾਪਤ ਕੀਤੇ ਗਏ ਜਿੱਥੇ ਸਥਾਨਕ ਵਿਦਿਆਰਥੀਆਂ ਨੂੰ ਗਣਿਤ, ਜਮੈਟਰੀ, ਅੰਗਰੇਜ਼ੀ ਅਤੇ ਪੱਛਮੀ ਇਮਾਰਤ ਕਲਾ ਦੀ ਤਕਨੀਕ ਪੜ੍ਹਾਈ ਜਾਵੇ। ਟ੍ਰੇਨਿੰਗ ਲੈਣ ਪਿੱਛੋਂ ਉਹ ਇੰਜੀਨੀਅਰ ਨਹੀਂ ਹੋਣਗੇ, ਡ੍ਰਾਫਟਸਮੈਨ ਜਾਂ ਨਕਸ਼ਾਨਵੀਸੀ ਦੀ ਨੌਕਰੀ ਮਿਲੇਗੀ ਜੋ NCO ਅਖਵਾਏਗੀ, ਨਾਨ ਕਮਿਸ਼ੰਡ ਅਫ਼ਸਰ, ਜਿਵੇਂ ਫੌਜ ਵਿੱਚ ਸੂਬੇਦਾਰ ਜਾਂ ਪੁਲਿਸ ਵਿੱਚ ਠਾਣੇਦਾਰ ਦੇ ਰੁਤਬੇ ਜਿੰਨੀ ਕੁ। ਇਨ੍ਹਾਂ ਦੇ ਕੰਮ ਦੀ ਨਿਗਰਾਨੀ ਵਾਸਤੇ ਕਾਰਜਕਾਰੀ ਇੰਜੀਨੀਅਰ ਹੋਏਗਾ ਜੋ ਅਮੂਮਨ ਗੋਰਾ ਹੁੰਦਾ ਕਿਉਂਕਿ ਸ਼ੁਰੂ ਦੇ ਦਿਨਾਂ ਵਿੱਚ ਭਾਰਤੀ ਬੱਚੇ ਯੋਰਪ ਵਿੱਚ ਵਿੱਦਿਆ ਹਾਸਲ ਕਰਨ ਨਹੀਂ ਜਾਂਦੇ ਸਨ। ਸਮਰੱਥਾ ਅਤੇ ਸੂਝ ਸਮਝ ਦੋਵੇਂ ਘੱਟ ਸਨ।

1837 ਵਿੱਚ ਜਨਮੇ ਜਾਨ ਲਾਕਵੁੱਡ ਕਿਪਲਿੰਗ ਨੂੰ ਬੁੱਤਤ੍ਰਾਸ਼ੀ ਦਾ ਸ਼ੌਕ ਸੀ। ਉਸਨੇ ਇੰਜੀਨੀਅਰਿੰਗ ਦੀ ਪੜ੍ਹਾਈ ਸਟੋਕ ਸਕੂਲ ਆਫ਼ ਆਰਟ ਵਿੱਚ ਕੀਤੀ ਤੇ ਬੰਬੇ ਸਕੂਲ ਆਫ਼ ਆਰਟ ਵਿੱਚ ਅਧਿਆਪਕ ਲੱਗ ਗਿਆ। ਉਸਨੂੰ ਅੰਗਰੇਜ਼ੀ ਵਿੱਦਿਆ ਨੀਤੀ ਪਸੰਦ ਨਹੀਂ ਆਈ ਜਿਸ ਤਹਿਤ ਭਾਰਤੀ ਆਰਟ ਨੂੰ ਨਖਿੱਧ ਸਮਝਕੇ ਨਫ਼ਰਤ ਕੀਤੀ ਜਾਂਦੀ ਸੀ। ਉਸਨੇ ਕਿਹਾ ਇਨ੍ਹਾਂ ਦੇਸੀ ਲੋਕਾਂ ਨੂੰ ਲਾਤੀਨੀ, ਯੂਨਾਨੀ ਕਲਾ ਨਾ ਸਿਖਾਉ, ਇਨ੍ਹਾਂ ਕੋਲ ਆਪਣੀ ਵੱਖਰੀ ਕਿਸਮ ਦੀ ਅਮੀਰ ਕਲਾ ਹੈ, ਇਨ੍ਹਾਂ ਤੋਂ ਸਿੱਖਾਂਗੇ ਵੀ ਸਿਖਾਵਾਂਗੇ ਵੀ। 1875 ਵਿੱਚ ਬਦਲ ਕੇ ਉਹ ਲਾਹੌਰ ਪੁੱਜਿਆ ਜਿੱਥੇ ਮੇਓ ਸਕੂਲ ਆਫ਼ ਇੰਡਸਟ੍ਰੀਅਲ ਆਰਟ ਸਥਾਪਤ ਕਰਨਾ ਸੀ। ਸੱਯਦ ਮੁਹੰਮਦ ਲਤੀਫ਼ ਨੇ ਇਸ ਸਕੂਲ ਦਾ ਮੁਆਇਨਾ ਕਰਕੇ ਲਿਖਿਆ ਸੀ ਕਿ ਪੂਰਬ ਅਤੇ ਪੱਛਮ ਦੀ ਇਮਾਰਤਸਾਜ਼ੀ ਵਿੱਚ ਰਾਜੀਨਾਵਾਂ ਹੋਣ ਲੱਗਿਆ ਹੈ। ਇਸ ਸਕੂਲ ਵਿੱਚ ਘਰਾਂ ਦੀ ਵਰਤੋਂ ਵਾਸਤੇ ਆਮ ਚੀਜ਼ਾਂ ਤੋਂ ਲੈ ਕੇ ਵਿਸ਼ਾਲ ਇਮਾਰਤਾਂ ਤੱਕ ਦੇ ਡਿਜ਼ਾਈਨ ਤਿਆਰ ਹੋਣ ਲੱਗੇ। ਲੁਹਾਰਾਂ, ਤਰਖਾਣਾਂ, ਸੁਨਿਆਰਾਂ ਦੇ ਬੱਚੇ ਇਸ ਕੰਮ ਵਾਸਤੇ ਵਧੀਕ ਕਾਬਲ ਸਮਝੇ ਗਏ ਕਿਉਂਕਿ ਇਹ ਉਨ੍ਹਾਂ ਦਾ ਪੁਸ਼ਤੈਨੀ ਕਿੱਤਾ ਸੀ। ਕਿਪਲਿੰਗ ਨੇ ਅੰਗਰੇਜ਼ੀ ਖੜੋਤ ਤੋੜ ਦਿੱਤੀ ਤੇ ਵਿਦਿਆਰਥੀਆਂ ਨੂੰ ਨਵੇਂ ਤਜਰਬਿਆਂ ਵਾਸਤੇ ਉਤਸ਼ਾਹਿਤ ਕਰਨ ਲੱਗਾ। ਇਹੋ ਜਿਹੇ ਉਤਪਾਦ ਹੋਣ ਜਿਹੜੇ ਖ਼ਰੀਦਦਾਰ ਖ਼ੁਸ਼ ਹੋ ਕੇ ਵਰਤਣ ਤੇ ਕਾਰੀਗਰ ਧਨ ਕਮਾਉਣ। ਹਾਸਲ ਕੀਤੀ ਵਿੱਦਿਆ ਅਮਲ ਵਿੱਚ ਆਏ।

ਕਿਪਲਿੰਗ ਨਿਰਾਸ ਹੋਇਆ, ਭਾਰਤੀ ਵਿਦਿਆਰਥੀ ਹੱਥੀਂ ਕੰਮ ਕਰਨ ਨੂੰ ਬੇਇੱਜ਼ਤੀ ਸਮਝਦੇ ਸਨ। ਉਹ ਪੇਪਰ ਵਰਕ ਦੇ ਸ਼ੁਕੀਨ ਸਨ ਤੇ ਪੇਪਰ ਵਰਕ ਵਿੱਚ ਵੀ ਮੌਲਿਕਤਾ ਨਹੀਂ ਸੀ, ਪੁਰਾਣੀ ਡ੍ਰਾਇੰਗ ਚੁੱਕੋ, ਨਕਲ ਕਰਕੇ ਮਾੜੇ ਮੋਟੇ ਫੇਰ ਬਦਲ ਕਰਕੇ ਕੰਮ ਚਲਾਉ। ਉਨ੍ਹਾਂ ਭਾਣੇ ਇੰਜੀਨੀਅਰ ਉਹ ਅਫ਼ਸਰ ਹੈ ਜਿਸਨੇ ਕੇਵਲ ਨਿਗਰਾਨੀ ਕਰਨੀ ਹੈ, ਆਪ ਕੁਝ ਕਰਕੇ ਨਹੀਂ ਦਿਖਾਉਣਾ।


ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਨਗਰ ਨੇੜੇ ਰਸੂਲਪੁਰ ਪਿੰਡ ਦੇ ਮਿਸਤਰੀ ਰਾਮਗੜ੍ਹੀਆ ਪਰਿਵਾਰ ਵਿੱਚ ਇੱਕ ਅਗਸਤ 1858 ਈ. ਵਿੱਚ ਰਾਮ ਸਿੰਘ ਦਾ ਜਨਮ ਆਸਾ ਸਿੰਘ ਦੇ ਘਰ ਹੋਇਆ। ਸਾਲ 1847 ਤੋਂ 1857 ਤੱਕ ਦਾ ਦਹਾਕਾ ਪੰਜਾਬ ਲਈ ਭਿਆਨਕ ਸੀ। ਸਿੱਖ ਰਾਜ ਖ਼ਤਮ ਹੋਇਆ, ਫਿਰ ਵੱਡਾ ਗ਼ਦਰ ਦਬਾਇਆ ਗਿਆ ਜਿੱਥੇ ਪੰਜਾਬ ਦੀਆਂ ਫ਼ੌਜਾਂ ਅੰਗਰੇਜ਼ਾਂ ਦੇ ਹੱਕ ਵਿੱਚ ਲੜੀਆਂ। ਚੌਕਸ ਰਹਿਣਾ ਸੀ ਕਿ ਸਿੱਖ ਕਿਤੇ ਮੁੜ ਸਿਰ ਨਾ ਚੁੱਕ ਲੈਣ। ਈਸਟ ਇੰਡੀਆ ਕੰਪਨੀ ਦਾ ਵਜੂਦ ਖ਼ਤਮ ਕਰਕੇ ਮਲਕਾ ਵਿਕਟੋਰੀਆ ਦਾ ਰਾਜ ਭਾਰਤ ਵਿੱਚ ਸਥਾਪਤ ਕਰਨਾ ਸੀ।

ਰਾਮ ਸਿੰਘ ਦੇ ਵਾਰਸ ਆਪਣੇ ਵਡੇਰੇ ਬਾਰੇ ਵਧਾ-ਚੜ੍ਹਾ ਕੇ ਗੱਲਾਂ ਦੱਸਦੇ ਹਨ। ਪੋਤ ਨੂੰਹ, ਵਿਧਵਾ ਰਾਣੀ ਸੋਹਲ ਦੱਸਦੀ ਹੈ ਕਿ ਬਾਬਾ ਆਸਾ ਸਿੰਘ ਤਕੜਾ ਜ਼ਿਮੀਦਾਰ ਸੀ ਜਿਸਨੇ ਆਪਣੇ ਬੇਟੇ ਰਾਮ ਸਿੰਘ ਨੂੰ ਮਿਸ਼ਨ ਸਕੂਲ ਵਿੱਚ ਪੜ੍ਹਾਇਆ ਤੇ ਰਾਮ ਸਿੰਘ ਨੂੰ ਮਲਕਾ ਵਿਕਟੋਰੀਆ ਨੇ ਗੋਦ ਲੈ ਲਿਆ ਸੀ। ਸਿੱਖ ਵਿਸ਼ਵਕੋਸ਼ ਵੀ ਗ਼ਲਤ ਲਿਖਦਾ ਹੈ ਕਿ ਕਿਪਲਿੰਗ ਨੇ ਅੰਮ੍ਰਿਤਸਰ ਵਿੱਚ ਰਾਮ ਸਿੰਘ ਦਾ ਹੁਨਰ ਪਛਾਣ ਲਿਆ ਸੀ ਜਦੋਂ ਕਿ ਕਿਪਲਿੰਗ ਦੇ ਪੰਜਾਬ ਆਉਣ ਤੋਂ ਪਹਿਲਾਂ ਰਾਮ ਸਿੰਘ ਲਾਹੌਰ ਜਾ ਚੁੱਕਾ ਸੀ। ਵੱਡੇ ਬੰਦਿਆਂ ਬਾਰੇ ਕਈ ਤਰ੍ਹਾਂ ਦੇ ਕਥਨ ਚਲਦੇ ਰਹਿੰਦੇ ਹਨ, ਇਸ ਗੱਲ ਦਾ ਬੁਰਾ ਨਹੀਂ ਮਨਾਉਣਾ ਚਾਹੀਦਾ। ਜਦੋਂ 1891 ਵਿੱਚ ਉਹ ਮਲਕਾ ਦੇ ਸੱਦੇ ਤੇ ਇੰਗਲੈਂਡ ਗਿਆ ਵਾਸਤਵ ਵਿੱਚ ਉਦੋਂ ਉਸਦਾ ਰੁਤਬਾ ਡ੍ਰਾਇੰਗ ਮਾਸਟਰ ਦਾ ਸੀ, ਜੇ.ਸੀ.ਓ. ਦਾ, ਪਰ ਉਸਦਾ ਹੁਨਰ ਦੇਖਕੇ ਅਖ਼ਬਾਰ ਉਸਨੂੰ ਲਾਹੌਰ ਦਾ ਪ੍ਰੋਫ਼ੈਸਰ ਆਫ਼ ਆਰਟ ਲਿਖਦੇ, ਭਾਰਤੀ ਕਲਾਕਾਰ, ਉਹ ਭਾਰਤੀ ਜਿਸਨੂੰ ਮਲਕਾ ਨੇ ਕਮਿਸ਼ਨਡ ਅਫ਼ਸਰ ਲਾ ਦਿੱਤਾ ਹੈ, ਪ੍ਰਬੁੱਧ ਹਿੰਦੂ ਨਕਸ਼ਾ ਨਵੀਸ, ਹਿੰਦੂ ਇਮਾਰਤਸਾਜ਼, ਸ਼ਾਨਦਾਰ ਉਸਰੱਈਆ, ਬੇਮਿਸਾਲ ਕਾਰੀਗਰ ਆਦਿਕ ਵਿਸ਼ੇਸ਼ਣ ਉਸ ਦੇ ਨਾਮ ਨਾਲ ਆਮ ਲਿਖਦੇ। ਪੱਛਮੀ ਲੋਕ ਅੱਜ ਵੀ ਹਿੰਦੁਸਤਾਨੀ ਨੂੰ ਹਿੰਦੂ ਕਹਿੰਦੇ ਹਨ ਜਿਸ ਦਾ ਮਤਲਬ ਹੈ ਇੰਡੀਅਨ।

ਦਸਵੀਂ ਤੱਕ ਦੀ ਮੁੱਢਲੀ ਵਿੱਦਿਆ ਮਿਸ਼ਨ ਸਕੂਲ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਇਸ ਸਕੂਲ ਦੇ ਅੰਗਰੇਜ਼ ਅਧਿਆਪਕਾਂ ਨੇ ਉਸ ਦੀ ਸਿਰਜਣਾ ਸ਼ਕਤੀ ਦੀ ਪਛਾਣ ਕੀਤੀ ਅਤੇ ਦੱਸ ਪਾਈ ਕਿ ਅਗਲੀ ਪੜ੍ਹਾਈ ਵਾਸਤੇ ਲਾਹੌਰ ਮੇਓ ਸਕੂਲ ਆਫ਼ ਆਰਟ ਖੁਲ ਰਿਹਾ ਹੈ, ਉਸ ਵਿੱਚ ਦਾਖ਼ਲਾ ਲੈ। ਸਕੂਲ ਪ੍ਰਿੰਸੀਪਲ ਨੇ ਮੇਓ ਸਕੂਲ ਦੇ ਪ੍ਰਿੰਸੀਪਲ ਨੂੰ ਖ਼ਤ ਲਿਖਿਆ ਕਿ ਇਹ ਬੱਚਾ ਜ਼ਹੀਨ ਬੁੱਧੀ ਵਾਲਾ ਹੈ।

ਪਿੰਡ ਛੱਡ ਕੇ ਪਿਤਾ ਅੰਮ੍ਰਿਤਸਰ ਚੀਲ ਮੰਡੀ ਵਿੱਚ ਦੁਕਾਨ ਖ਼ਰੀਦ ਕੇ ਕਾਰੋਬਾਰ ਕਰਨ ਲੱਗਾ। ਚੀਲ ਮੰਡੀ ਵੱਡਾ ਲੱਕੜ ਬਾਜ਼ਾਰ ਸੀ ਜਿੱਥੇ ਇਨ੍ਹਾਂ ਨੇ ਫ਼ਰਨੀਚਰ ਬਣਾਉਣ ਦਾ ਕੰਮ ਸ਼ੁਰੂ ਕੀਤਾ।

ਲਾਹੌਰ ਆਰਟ ਸਕੂਲ ਦਾ ਇੱਕ ਟੀਚਰ, ਹਾਰਵੇ, ਅੰਮ੍ਰਿਤਸਰ ਆਉਂਦਾ-ਜਾਂਦਾ ਰਹਿੰਦਾ ਸੀ। ਰਾਮ ਸਿੰਘ ਦੇ ਅਧਿਆਪਕਾਂ ਨੇ ਉਸਨੂੰ ਬੱਚੇ ਦੀ ਤੀਖਣ ਬੁੱਧ ਦੀ ਦੱਸ ਪਾਈ। ਡਿਪਟੀ ਕਮਿਸ਼ਨਰ ਨੇ ਉਸ ਕੋਲ ਇਸ ਗੱਲ ਦੀ ਤਾਈਦ ਕੀਤੀ। ਜਨਵਰੀ 1874 ਵਿੱਚ ਉਹ ਰਾਮ ਸਿੰਘ ਨੂੰ ਲਾਹੌਰ ਲੈ ਗਿਆ। ਦਾਖ਼ਲ ਹੋ ਗਿਆ। ਪਹਿਲਾਂ ਸਕੂਲ ਦਾ ਨਾਮ ਲਾਹੌਰ ਸਕੂਲ ਆਫ਼ ਕਾਰਪੈਂਟਰੀ ਸੀ ਤੇ ਕਲਾਸਾਂ ਡੀ.ਪੀ.ਆਈ. ਦਫ਼ਤਰ ਦੇ ਵਰਾਂਡੇ ਵਿੱਚ ਲਗਦੀਆਂ ਸਨ, ਸਕੂਲ ਦੀ ਇਮਾਰਤ ਅਜੇ ਬਣਨੀ ਸੀ। ਸਰਕਾਰ ਇਸ ਸਕੂਲ ਨੂੰ ਪੈਸਾ ਨਹੀਂ ਦਿੰਦੀ ਸੀ। ਮਾਸਟਰ ਅਪਣੇ ਵਿਦਿਆਰਥੀਆਂ ਤੋਂ ਲੋਕਾਂ ਦੇ ਕੰਮ ਕਰਵਾਉਣ, ਜੋ ਪੈਸਾ ਆਵੇ, ਖ਼ਰਚਾ ਕੱਢਣ। ਇਹ ਸਕੂਲ ਮਾਸਟਰਾਂ ਨੂੰ ਤਨਖ਼ਾਹਾਂ ਦੇਣ ਜੋਗਾ ਵੀ ਨਹੀਂ ਸੀ। ਆਖ਼ਰ 1875 ਵਿੱਚ ਮੇਓ ਸਕੂਲ ਸਥਾਪਿਤ ਹੋਇਆ ਜਿਸ ਵਿੱਚ ਕੁੱਲ ਵੀਹ ਵਿਦਿਆਰਥੀ ਦਾਖ਼ਲ ਹੋਏ। ਬੰਗਾਲ ਬੈਂਕ ਪਿੱਛੇ ਅਨਾਰਕਲੀ ਬਾਜ਼ਾਰ ਵਿੱਚ ਇੱਕ ਇਮਾਰਤ ਕਿਰਾਏ ਤੇ ਲੈ ਲਈ। ਗੋਰੇ ਅਧਿਆਪਕਾਂ ਨਾਲ ਅੰਗਰੇਜ਼ੀ ਵਿੱਚ ਗੱਲਾਂ ਕਰਨੀਆਂ ਰਾਮ ਸਿੰਘ ਬਾਕੀਆਂ ਤੋਂ ਪਹਿਲਾਂ ਸਿੱਖ ਗਿਆ। ਪਹਿਲੀ ਸਾਲਾਨਾ ਸਕੂਲ ਰਿਪੋਰਟ ਵਿੱਚ ਪ੍ਰਿੰ. ਕਿਪਲਿੰਗ ਨੇ ਲਿਖਿਆ- ਸੰਗਮਰਮਰ ਤ੍ਰਾਸ਼ਣ ਵਾਲੇ ਸ਼ਿਲਪੀ ਦਾ ਬੇਟਾ ਮੁਹੰਮਦ ਦੀਨ, ਕਾਰਪੈਂਟਰੀ ਸਕੂਲ ਦਾ ਰਾਮ ਸਿੰਘ, ਸ਼ੇਰ ਮੁਹੰਮਦ ਲੁਹਾਰ ਅਤੇ ਐਡਵਿਨ ਹੋਲਡਨ ਹੋਣਹਾਰ ਵਿਦਿਆਰਥੀ ਹਨ ਪਰ ਰਾਮ ਸਿੰਘ ਕਿਸੇ ਵੱਡੇ ਇੰਜੀਨੀਅਰ ਦਾ ਸਹਾਇਕ ਲੱਗ ਕੇ ਉੱਚੀਆਂ ਮੰਜ਼ਲਾਂ ਛੂਹੇਗਾ। ਕਾਰਪੈਂਟਰ ਨਹੀਂ ਰਹੇਗਾ, ਇਮਾਰਤਸਾਜ਼ ਬਣੇਗਾ। ਉਹ ਪੁਰਾਣੀਆਂ ਲੀਹਾਂ ਛੱਡ ਕੇ ਨਵਾਂ ਰਸਤਾ ਤਲਾਸ਼ਣ ਦੇ ਸਮਰੱਥ ਹੈ।



ਮੇਓ ਸਕੂਲ ਆਫ਼ ਆਰਟ, ਲਾਹੌਰ (ਪਾਕਿਸਤਾਨ)

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਮੇਮ ਸਾਹਿਬਾ ਦਾ ਪਿਆਨੋ ਖ਼ਰਾਬ ਹੋ ਗਿਆ। ਇਸਦੀ ਮੁਰੰਮਤ ਅਤੇ ਪਾਲਿਸ਼ ਕਰਨ ਲਈ ਆਮ ਮਿਸਤਰੀ ਨੂੰ ਥੋੜ੍ਹਾ ਸੱਦਣਾ ਸੀ? ਭਾਲ ਸ਼ੁਰੂ ਹੋਈ, ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 16 ਸਾਲ ਦੀ ਉਮਰ ਦੇ ਰਾਮ ਸਿੰਘ ਤੋਂ ਵਧ ਕੇ ਕੋਈ ਕਾਰੀਗਰ ਨਹੀਂ। ਰਾਮ ਸਿੰਘ ਨੇ ਕੰਮ ਸਿਰੇ ਚਾੜ੍ਹ ਕੇ ਸ਼ਾਬਾਸ਼ ਲਈ। ਇਹ ਕੰਮ ਰਾਮ ਸਿੰਘ ਨੇ ਸਕੂਲ ਵਿੱਚੋਂ ਨਹੀਂ, ਪਿਤਾ ਪਾਸੋਂ ਸਿੱਖਿਆ ਸੀ।

ਰਾਮ ਸਿੰਘ ਦੀ ਬਰਾਦਰੀ ਚੀਲ ਮੰਡੀ, ਅੰਮ੍ਰਿਤਸਰ ਵਿੱਚ ਸਥਾਪਤ ਹੋਣ ਨਾਲ ਦੋ ਲਾਭ ਹੋਏ। ਕਿਪਲਿੰਗ ਨੂੰ ਆਖ ਕੇ ਵਿਦਿਆਰਥੀਆਂ ਨੂੰ ਉਹ ਆਪਣੇ ਪਿਤਾ ਦੇ ਕਾਰਖ਼ਾਨੇ ਵਿੱਚ ਲਿਜਾ ਕੇ ਟ੍ਰੇਨਿੰਗ ਦਿੰਦਾ, ਇਸ ਬਦਲੇ ਉੱਥੇ ਕੰਮ ਕਰਦੇ ਮਿਸਤਰੀਆਂ ਨੂੰ ਫ਼ਰਨੀਚਰ ਦੇ ਨਵੇਂ-ਨਵੇਂ ਡਿਜ਼ਾਈਨ ਸਿਖਾਉਂਦਾ। ਕੁਝ ਆਮਦਨ ਵੀ ਹੋ ਜਾਂਦੀ। ਜੱਦੀ ਕੰਮ ਨਾਲ ਉਸਨੂੰ ਏਨਾ ਪਿਆਰ ਕਿ ਅਕਤੂਬਰ 1913 ਵਿੱਚ ਜਦੋਂ ਮੇਓ ਸਕੂਲ ਦੇ ਪ੍ਰਿੰਸੀਪਲ ਵਜੋਂ ਰਿਟਾਇਰ ਹੋਇਆ, ਮਹਾਂ ਸਿੰਘ ਗੇਟ ਲਾਗੇ ਚੀਲ ਮੰਡੀ ਵਿੱਚ ਉਸਨੇ ਆਪਣਾ ਪਿਤਾ-ਪੁਰਖੀ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ। ਹੁਣ ਤੱਕ ਉਸਦੇ ਵਾਰਸ ਉੱਥੇ ਹੀ ਰਹਿੰਦੇ ਹਨ।

ਰਾਮ ਸਿੰਘ ਦੀ ਆਦਤ ਸੀ ਕਲਾਸ ਰੂਮ ਵਿੱਚ ਘੱਟ ਸਮਾਂ ਬਿਤਾਏ ਤੇ ਇਮਾਰਤਾਂ ਦੇਖੇ, ਇਮਾਰਤਾਂ ਵਿੱਚ ਲੱਕੜ ਦੀ ਕਾਰੀਗਾਰੀ ਦੇਖੇ। ਕਾਗ਼ਜ਼ਾਂ

ਦਾ ਬੰਡਲ ਅਤੇ ਪੈਨਸਿਲਾਂ ਹਰ ਵਕਤ ਕੋਲ, ਡਿਜ਼ਾਈਨ ਉਤਾਰਦਾ ਰਹਿੰਦਾ, ਉਤਾਰੇ ਡਿਜ਼ਾਈਨਾਂ ਵਿੱਚ ਵਾਧੇ ਕਰਕੇ ਵਿਕਸਿਤ ਕਰਦਾ। ਡਰਾਇੰਗ ਰੂਮ ਵਿੱਚ ਅਲਮਾਰੀਆਂ, ਡਰੈੱਸਿੰਗ ਟੇਬਲ, ਪਰਦੇ, ਸੰਦੂਕੜੀਆਂ, ਡਾਇਨਿੰਗ ਟੇਬਲ ਇਸ ਤਰ੍ਹਾਂ ਤਰਾਸ਼ੇ ਜਾਣ ਕਿ ਮਹਿਲਾਂ ਵਿੱਚ ਟਿਕਣ। ਉਸਨੂੰ ਝੌਂਪੜੀ ਬਣਾਉਣ ਲਈ ਕਹੋ, ਮਹਿਲ ਤੋਂ ਘੱਟ ਕੁਝ ਬਣਦਾ ਈ ਨਾ। ਅਜਿਹਾ ਸੁਫਨਸਾਜ਼ ਸ਼ਖ਼ਸ ਜੋ ਆਪਣੀ ਛਾਂ ਵੀ ਅਸਮਾਨ ਵਿੱਚ ਦੇਖਦਾ। ਉਸਦੀਆਂ ਨਿਗਾਹਾਂ ਨਿਵਾਣ ਵੱਲ ਦੇਖਣ ਵਾਸਤੇ ਬਣੀਆਂ ਹੀ ਨਹੀਂ ਸਨ।

ਸਿੰਧ ਘਾਟੀ ਦੀ ਖੁਦਾਈ ਤੋਂ ਪਤਾ ਚਲਦਾ ਹੈ ਕਿ ਮੂਲਵਾਸੀ ਦ੍ਰਾਵੜਾਂ ਦੀ ਇਮਾਰਤਸਾਜ਼ੀ ਕਿੰਨੀ ਅਮੀਰ ਸੀ। ਆਰੀਆ ਆਏ, ਉਹ ਆਪਣੇ ਨਾਲ ਈਰਾਨ, ਮੈਸੋਪੋਟਾਮੀਆ ਦੀ ਕਾਰੀਗਾਰੀ ਲੈ ਆਏ। ਫਿਰ ਸਿਕੰਦਰ ਵਕਤ ਯੂਨਾਨੀ ਆ ਗਏ ਜਿਨ੍ਹਾਂ ਨਾਲ ਗੰਧਾਰ ਆਰਟ ਆਇਆ। ਗ਼ਜ਼ਨੀ ਅਤੇ ਗੌਰੀ ਦੇ ਦੌਰ ਵਿੱਚ ਇਸਲਾਮੀ ਗੁੰਬਦ ਆ ਪ੍ਰਗਟੇ। ਸ਼ਾਹ ਜਹਾਨ ਵੇਲੇ ਇਹ ਕਲਾ ਆਪਣੇ ਸਿਖਰ ਉੱਪਰ ਸੀ। ਇੱਕ ਇੱਕ ਕਰਕੇ ਰਿਆਸਤਾਂ ਹਰਾਉਂਦੇ ਹਰਾਉਂਦੇ ਅੰਗਰੇਜ਼ ਵਿਸ਼ਾਲ ਭਾਰਤ ਉੱਤੇ ਕਾਬਜ਼ ਹੋ ਗਏ। ਉਨ੍ਹਾਂ ਨੂੰ ਉਪਰੋਕਤ ਕਿਸੇ ਕਿਸਮ ਦੀ ਇਮਾਰਤਸਾਜ਼ੀ ਪਸੰਦ ਨਹੀਂ ਆਈ। ਪਸੰਦ ਤਾਂ ਕੀ ਕਰਨੀ, ਇਸ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਿਆ। ਉਨ੍ਹਾਂ ਵਾਸਤੇ ਪ੍ਰਾਚੀਨ ਅਤੇ ਸਮਕਾਲੀ ਭਾਰਤ ਜਾਹਲ ਸੀ ਤੇ ਜਾਹਲਾਂ ਨੂੰ ਸੱਭਿਅਕ ਕਰਨਾ ਉਨ੍ਹਾਂ ਦਾ ਮਨੋਰਥ।


**ਰਾਮ ਸਿੰਘ ਅਜਿਹੀ ਦ੍ਰਿਸ਼ਟੀ ਵਾਲਾ ਜੁਆਨ ਸੀ ਜੋ ਆਪਣੇ ਗੋਰੇ ਅਧਿਆਪਕਾਂ ਤੋਂ ਅੱਗੇ ਲੰਘ ਗਿਆ। ਚਿਣਾਈ ਅਤੇ ਲੱਕੜ ਦਾ ਕੰਮ ਪਿਤਾਪੁਰਖੀ ਹੋਣ ਕਰਕੇ ਉਹ ਘਰ ਬਰਾਦਰੀ ਤੋਂ ਸਿੱਖ ਗਿਆ, ਇਸਨੂੰ ਯੋਰਪੀ ਸ਼ਾਨ ਨਾਲ ਕਿਵੇਂ ਸਜਿੰਦ ਕਰਨਾ ਹੈ, ਇਹ ਉਸਨੇ ਮੇਓ ਸਕੂਲ ਵਿਚ ਜਾਣ ਲਿਆ। ਪੁਰਾਤਨ ਇਮਾਰਤਸਾਜ਼ੀ ਸੁਰਜੀਤ ਨਹੀਂ ਹੋਵੇਗੀ, ਨਵੀਂ ਯੋਰਪੀ ਤਕਨੀਕ ਦੀ ਜੜ ਨਹੀਂ ਲੱਗੇਗੀ। ਦੋਵਾਂ ਦੀ ਪਿਉਂਦ ਤਿਆਰ ਕਰਨ ਦਾ ਵਕਤ ਆ ਗਿਆ ਤੇ ਵਕਤ ਦੇ ਇਸ ਘੋੜੇ ਉੱਪਰ ਕੁਦਰਤ ਨੇ ਰਾਮ ਸਿੰਘ ਨੂੰ ਸਵਾਰ ਕਰ ਦਿੱਤਾ।**

ਨਵੀਂ ਧਰਤੀ ਉੱਪਰ ਸਿਧਮ ਸਿੱਧੀ ਯੋਰਪੀਨ ਇਮਾਰਤਸਾਜ਼ੀ ਸੰਭਵ ਨਹੀਂ ਸੀ। ਦੋਵਾਂ ਕਲਚਰਾਂ ਦਾ ਮਿਲਾਪ ਇਸ ਤਰ੍ਹਾਂ ਕੀਤਾ ਜਾਵੇ ਕਿ ਭਾਰਤੀ ਹੁਨਰ ਹਾਵੀ ਹੁੰਦਾ ਨਾ ਦਿਸੇ। ਪਰ ਗੁੰਬਦ, ਅਟਾਰੀਆਂ, ਝਰੋਖੇ, ਜਾਲੀਆਂ ਨੂੰ ਕਿਵੇਂ ਨਜ਼ਰਅੰਦਾਜ਼ ਕਰਦੇ? ਇਹ ਤਾਂ ਉਸ ਤਰ੍ਹਾਂ ਹੁੰਦਾ ਜਿਵੇਂ ਕੋਈ ਕਹੇ ਮੈਂ ਤਾਜ ਮਹਿਲ ਬਣਾਵਾਂਗਾ ਪਰ ਗੁੰਬਦ ਨਹੀਂ ਹੋਣਗੇ! ਜਿਹੜੇ ਕਹਿੰਦੇ ਹਨ ਕਿ ਗੁੰਬਦ ਅਤੇ ਡਾਟ ਇਸਲਾਮ ਨੇ ਹਿੰਦੁਸਤਾਨ ਵਿੱਚ ਪਹਿਲੀ ਵਾਰ ਲਿਆਂਦੇ ਗ਼ਲਤ ਹਨ। ਸਿੰਧ ਵਾਦੀ ਵਿੱਚ ਡਾਟ ਦੀ ਵਰਤੋਂ ਮੌਜੂਦ ਹੈ। ਅੰਡਰਗ੍ਰਾਊਂਡ ਸੀਵਰ ਸਿਸਟਮ ਇੱਟਾਂ ਦੀ ਗੋਲ ਟਿਊਬ ਮੌਜੂਦ ਹੈ, ਦਰਵਾਜ਼ਿਆਂ ਦੀਆਂ ਡਾਟਾਂ ਮੌਜੂਦ ਹਨ। ਮੈਸੋਪੋਟਾਮੀਆ ਵਿੱਚ ਸਿੰਧ ਘਾਟੀ ਦੀਆਂ ਅਤੇ ਸਿੰਧ ਘਾਟੀ ਵਿੱਚ ਮੈਸੋਪੋਟਾਮੀਆ ਦੀਆਂ ਬਣੀਆਂ ਵਸਤਾਂ ਮਿਲੀਆਂ ਹਨ, ਯਾਨੀ ਕਿ ਦੋਹਾਂ ਸੱਭਿਅਤਾਵਾਂ ਦੇ ਲੋਕ ਇੱਕ ਦੂਜੇ ਤੱਕ ਪੁੱਜਦੇ ਸਨ, ਵਪਾਰ ਵਿੱਚ ਵਸਤਾਂ ਦਾ ਵਟਾਂਦਰਾ ਹੁੰਦਾ ਸੀ।

ਦੀਵਾਰ ਅੰਦਰ ਉਸਰਿਆ ਪੁਰਾਣਾ ਲਾਹੌਰ, ਪੁਰਾਣੀ ਦਿੱਲੀ, ਭੀੜ ਭੜੱਕੇ ਵਾਲੀਆਂ ਥਾਵਾਂ ਹਨ। ਹਰੇਕ ਘਰ ਦੀ ਕੰਧ ਅਤੇ ਛੱਤ ਇੱਕ-ਦੂਜੀ ਨਾਲ ਜੁੜੀ ਹੋਈ। ਅੰਗਰੇਜ਼ਾਂ ਨੇ ਇਸ ਵਿੱਚ ਬਦਲਾਉ ਲਿਆਉਣਾ ਸੀ। ਘਰ ਇੱਕ-ਦੂਜੇ ਤੋਂ ਦੂਰ-ਦੂਰ ਹੋਣਗੇ, ਛੱਤੇ ਹੋਏ ਥਾਂ ਨਾਲੋਂ ਅਣਛੱਤਿਆ ਵਿਹੜਾ ਵੱਡਾ ਹੋਏਗਾ। ਘਰ ਦੇ ਚਾਰੇ ਪਾਸੇ ਥਾਂ ਖ਼ਾਲੀ ਹੋਵੇਗੀ ਤਾਂ ਕਿ ਰੌਸ਼ਨੀ ਅਤੇ ਹਵਾ ਰੁਕੇ ਨਾ। ਵਿਹੜੇ ਵਿੱਚ ਖੂਹ ਅਤੇ ਫ਼ਲਦਾਰ ਛਾਂਦਾਰ ਦਰੱਖ਼ਤ ਹੋਣ, ਹੋਰ ਵੀ ਵਧੀਆ। ਬੇਸ਼ੱਕ ਪਾਣੀ ਦਾ ਪ੍ਰਬੰਧ ਨਾ ਹੋਵੇ ਪਰ ਫੁਹਾਰਾ ਬਣਿਆ ਹੋਇਆ ਦਿਸੇ ਜ਼ਰੂਰ।

ਸਿੱਖਾਂ ਨੇ ਬੇਸ਼ੱਕ ਅੱਧੀ ਸਦੀ ਲਾਹੌਰ ਤੇ ਰਾਜ ਕੀਤਾ ਸੀ ਪਰ ਡਿੱਗੀਆਂ ਢਹੀਆਂ ਇਮਾਰਤਾਂ ਦੀ ਮੁਰੰਮਤ ਕਰਨ ਜਾਂ ਨਵੀਆਂ ਉਸਾਰਨ ਦੀ ਥਾਂ ਵਧੀਕ ਸਮਾਂ ਰਾਜ ਵਿਸਥਾਰ ਵਿੱਚ ਲੱਗੇ ਰਹੇ। ਅੰਗਰੇਜ਼ਾਂ ਵੇਲੇ ਇਸ ਦੀ ਹਾਲਤ ਵਧੀਆ ਨਹੀਂ ਸੀ। ਸ਼ਾਨਦਾਰ ਇਮਾਰਤਾਂ ਰਾਜਭਾਗ ਦੇ ਰੋਅਬਦਾਬ ਵਾਸਤੇ ਜ਼ਰੂਰੀ ਸਨ। ਭਾਰਤੀਆਂ ਨੂੰ ਅਕਲ ਨਹੀਂ, ਫਿਰ ਇਮਾਰਤਾਂ ਉਸਰਨਗੀਆਂ ਕਿਵੇਂ? ਭਾਰਤੀਆਂ ਨੂੰ ਆਰਟ ਸਿਖਾਉਣ ਵਾਸਤੇ ਸਕੂਲ, ਕਾਲਜ ਖੋਲ੍ਹਣੇ ਪੈਣਗੇ। ਦੇਸੀ ਵਿਦਿਆਰਥੀਆਂ ਨੂੰ ਏਨੀ ਵਿੱਦਿਆ ਵੀ ਨਹੀਂ ਦੇਣੀ ਕਿ ਗੋਰਿਆਂ ਤੋਂ ਅੱਗੇ ਲੰਘ ਜਾਣ। ਇਹ ਗੋਰੇ ਇੰਜੀਨੀਅਰਾਂ ਦੇ ਸਹਾਇਕ ਹੋਣਗੇ, ਮਾਮੂਲੀ ਡ੍ਰਾਫਟਸਮੈੱਨ। ਭਾਰਤੀ ਲੋਕ ਗਜ਼ਟਿਡ ਅਫ਼ਸਰ ਦੇ ਰੁਤਬੇ ਯੋਗ ਨਹੀਂ ਹਨ। ਭਾਰਤੀ ਲੋਕ ਭੂਤਕਾਲੀ ਧਰਮਾਂ ਦੀ ਸ਼ਾਨ ਯਾਦ ਕਰਦੇ ਹੋਏ ਖ਼ੁਸ਼ ਰਹਿੰਦੇ ਹਨ, ਉਨ੍ਹਾਂ ਨੂੰ ਵਰਤਮਾਨ ਦਾ ਕੀ ਪਤਾ? ਇਨ੍ਹਾਂ ਗ਼ੁਲਾਮ ਅਤੇ ਪਛੜੇ ਜਾਹਲ ਲੋਕਾਂ ਵਿੱਚ ਕੁਝ ਅਜਿਹੇ ਸਨ ਜਿਹੜੇ ਭਵਿੱਖ ਵੱਲ ਦੂਰ ਤੱਕ ਦੇਖਣ ਦੇ ਸਮਰੱਥ ਸਨ। ਰਾਮ ਸਿੰਘ ਅਜਿਹੀ ਦ੍ਰਿਸ਼ਟੀ ਵਾਲਾ ਜੁਆਨ ਸੀ ਜੋ ਆਪਣੇ ਗੋਰੇ ਅਧਿਆਪਕਾਂ ਤੋਂ ਅੱਗੇ ਲੰਘ ਗਿਆ। ਚਿਣਾਈ ਅਤੇ ਲੱਕੜ ਦਾ ਕੰਮ ਪਿਤਾਪੁਰਖੀ ਹੋਣ ਕਰਕੇ ਉਹ ਘਰ ਬਰਾਦਰੀ ਤੋਂ ਸਿੱਖ ਗਿਆ, ਇਸਨੂੰ ਯੋਰਪੀ ਸ਼ਾਨ ਨਾਲ ਕਿਵੇਂ ਸਜਿੰਦ ਕਰਨਾ ਹੈ, ਇਹ ਉਸਨੇ ਮੇਓ ਸਕੂਲ ਵਿਚ ਜਾਣ ਲਿਆ। ਪੁਰਾਤਨ ਇਮਾਰਤਸਾਜ਼ੀ ਸੁਰਜੀਤ ਨਹੀਂ ਹੋਵੇਗੀ, ਨਵੀਂ ਯੋਰਪੀ ਤਕਨੀਕ ਦੀ ਜੜ ਨਹੀਂ ਲੱਗੇਗੀ। ਦੋਵਾਂ ਦੀ ਪਿਉਂਦ ਤਿਆਰ ਕਰਨ ਦਾ ਵਕਤ ਆ ਗਿਆ ਤੇ ਵਕਤ ਦੇ ਇਸ ਘੋੜੇ ਉੱਪਰ ਕੁਦਰਤ ਨੇ ਰਾਮ ਸਿੰਘ ਨੂੰ ਸਵਾਰ ਕਰਨਾ ਸੀ। ਪਰ ਇਸ ਦਾ ਖਮਿਆਜ਼ਾ ਪ੍ਰਿੰਸੀਪਲ ਕਿਪਲਿੰਗ ਨੂੰ ਭੁਗਤਣਾ ਪਿਆ। ਉਸਨੂੰ ਸਰਕਾਰ ਨੇ ਕੋਈ ਸਨਮਾਨ ਨਹੀਂ ਦਿੱਤਾ ਜਿਸਨੇ ਆਪਣੀ ਸਾਰੀ ਵਿੱਦਿਆ ਰਾਮ ਸਿੰਘ ਨੂੰ ਦੇਣ ਦੀ ਗੁਸਤਾਖ਼ੀ ਕੀਤੀ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ ਵਿਚ)**




# Sikhs in Denmark

❖ **Swarn Singh Kahlon**

## Introduction

Although a small country of 5 million people, it was a nodal point for immigrants to Scandinavian countries because of its location and its liberal view with regard to immigrants. Sikh presence is small and there are two Gurdwaras. Sikh as a religious minority have been given official recognition by the Government. An interesting case study of a turbaned Sikh diplomat working with the Ministry of Foreign Affairs is of interest.

## The Country

The Kingdom of Denmark has, despite its relatively small size, punched above its weight internationally; it once controlled much of northern Europe and still maintains close ties with Greenland, its former colony.

Denmark has developed a highly-competitive service-based economy with high employment levels and a generous social security system. The Social Democrats led coalition governments for most of the post-war period until the 1980s, consolidating the country's liberal reputation, although concerns at high taxation levels and tension over immigration have put the centre-right in office for several long periods since then.

Butter, bacon, Carlsberg beer, some cheeses and the smorredbrod, are world renowned. Denmark has one of the world's most integrated cycle networks. With agriculture its primary industry, technological innovation (Lego) is not a sphere of excellence far behind. Wedged between mainland Europe and the rest of Scandinavia, Denmark has preserved a distinct national identity, exemplified by the universally cherished royal family and the reluctance to fully integrate with the EU (the Danish rejection of the Euro was more about sovereignty than economics).

## HLC Report 2001

Out of a population of 5.3 million, the Indian community at 2,150 comprises 0.04 per cent.



**Gurdwara Sri Guru Singh Sabha, Denmark**

Indian nationals in Denmark are mainly computer professionals, journalists and doctors. The Indian community, by and large, is law abiding and does not face any specific problems in Denmark. There are around 12 Indian Associations that organize cultural programmes and celebrate national days and Indian festivals. Places of worship of different Indian faiths have been built in Copenhagen. There are several yoga and meditation societies run by Danes and Indians. There are three local radios (FM), viz., *Pride of India Radio*, *Sabrang Radio* and *Sunrise Radio* run by people of Indian origin. A local TV channel called *Indiavision* run by a Danish national of Indian origin, telecasts miscellaneous programmes for the community on Saturdays and Sundays.

## Sikh Migration

The following is excerpted from Hellene Ilkjaer's contribution in *Brill's Encyclopedia of Sikhism:*

Sikhs started to arrive in Denmark in the late 1960's and early 1970s basically to work as labourers. In some cases, however, Denmark was a transit rather than destination country. In the 1980s and 1990s a new wave of Sikh migration took place, only this time

it involved Sikh refugees trying to escape the violent conflict in Punjab. Sikhs still arrive in Denmark as asylum seekers, but most Sikhs arriving today enter the country via specialist programmes set up to import skilled migrants or they come for educational purposes under student exchange programmes. Estimates of Sikh numbers vary from 1,000 to 3,000. Most of the Sikhs have settled in the greater Copenhagen area. Sikhs in Denmark occupy a wide variety of jobs, for example as public servants (bus drivers, nurses, nursery assistants, etc.), employees in private businesses (marketing assistants, mechanics, cleaning assistants, IT engineers, etc.), and as self-employed businessmen (shopkeepers and restaurant owners)'. A significant part of the Sikh community in Denmark today is made of second and even third generation in many cases.

Sikhs purchased an old factory hall in Vanlose in 1980 and converted it into a Gurdwara. The Sikh community received official recognition as a religious community in Denmark in 1985, under the name of Sri Guru Singh Sabha. By the late 1990s, the Sikh community decided to buy a larger building to house the Gurdwara. The choice fell upon an old rubber factory, also located in Vanlose, which the Sikhs then renovated and reinstated as a Gurdwara. Following renovation works, the new Gurdwara opened in autumn of 2015. There are now two Gurdwaras in the country. On Sundays, 100-150 Sikhs usually attend but on important days like *Gurpurbs* the *sangat* becomes much larger at about 300-400.

There were unfortunate divisions among the community. One Gurdwara was closed. However, from 1990s the Community has again united. Once in a while the Gurdwara committee organizes an open house with the purpose of engaging with neighbours of the gurdwara inviting them to come and learn about Sikhism and to taste Punjabi food. There is also a Punjabi school for kids named 'Punjabi Cultural Association, Denmark' that has been teaching Gurmukhi, 'Gatka' and Sikh *Rahit*.

Most Sikhs in the first wave of migration married Punjabi Sikh women during trips to India with spouses joining later on in Denmark. While a few Sikhs of the younger generation have followed a similar pattern, many others have looked towards Sikh communities in other Western countries, for instance, the United Kingdom, the United States, Canada or France in search of a spouse. As a consequence, some of them have even left Denmark to join their spouse abroad.

The younger generation of Sikhs has been exploring alternatives ways of meeting and discussing Sikhism and Sikh identity in Denmark, that is, outside the realm of the Gurdwara. One example is the establishment of the *Khalsa.dk* internet discussion forum in 2006. The aim of website was to provide information about Sikhism in Danish as well as to offer a virtual place for young Sikhs to be able to ask questions and discuss topics related to Sikhism. Another example is the association *Sikh Ungdom* (Sikh youth), which run regular events in Danish on themes related to Sikhism (e.g. 'What is Baisakhi?'), weekly Gurmukhi and Punjabi language classes as well *kirtan* (devotional song) classes. *Sikh Ungdom* also organizes annually a Turban day, a festival in the centre of Copenhagen which apart from food stall, information boards and music also offer the chance to locals to try on a turban of the colour and style of one's own choosing. *Khalsa.dk*, *Sikh Ungdom*, and other initiatives among the younger generation of Sikhs thus tackle the simultaneous task of building knowledge of Sikhism internally among the younger generation of Sikhs in Denmark, while also trying to spread awareness about Sikhism and about Sikhs in Denmark to the Danish majority population more generally.

The two Gurdwaras are (1) Gurdwara Sri Guru Singh Sabha, Vanlose, (2) Gurdwara Copenhagen, Ballerup.

**Some Interesting Events**

Danish Court Confirms Ban on Sikh Carrying Ceremonial Knife, 24 October, 2006


Wikipedia.org accessed on 1 September, 2019

*Copenhagen*—A Danish court ruled Tuesday that it was illegal for a Sikh man to carry the *kirpan*, ceremonial knife that he traditionally gets at baptism. The Eastern High Court said that although Indian national Ripudaman Singh wore the blunt knife as a 'religious symbol,' it was still a violation of a ban on bearing weapons, including knives, except for carrying out a trade, hunting, fishing or other recreational activities.

The court, however, ruled that Ripudaman Singh did not have to pay a 3,000 kroner (505 dollars) fine that a lower court ordered him to pay last year. The ceremonial knife that Ripudaman Singh carried concealed under his clothes was detected two years ago when he visited the US Embassy in Copenhagen and presented it at a security check. Police were summoned and the case went to prosecution. The high court said the ruling did not violate the European Convention on Human Rights.

✧ ✧ ✧ ✧ ✧

ਸੋਚ ਵਿਚਾਰ ਤਾਂ ਪਿਛੋਂ ਫੁਰਦੀ ਹੈ ਕਿ "ਅਸੀਂ ਵੈਰਾਗਵਾਨ ਹਾਂ, ਇਹ ਜੋ ਲੁਭਾਇਮਾਨਤਾ ਆਈ ਹੈ ਇਸ ਵਿਚ ਰਾਗ ਕਰਨਾ ਸਾਡਾ ਧਰਮ ਨਹੀਂ। ਇਹ ਛਿਨ ਭੰਗਰ ਹੈ, ਇਸ ਦਾ ਸੁਖ ਪਲ ਭਰ ਹੈ, ਇਸ ਦਾ ਦੁਖ ਦੁਨੀਆ ਵਿਚ ਖੁਆਰੀ ਤੇ ਦੀਨ ਵਿਚ ਗਿਰਾਉ ਹੈ।"ਇਸ ਪ੍ਰਕਾਰ ਦੇ ਫੁਰਨਿਆਂ ਤੋਂ ਪਹਿਲੋਂ ਅੰਦਰਲਾ ਵੈਰਾਗ ਉਸ ਪਾਸੇ ਵਲ ਜਾਣ ਵਾਲੀ 'ਰੁਚੀ' ਨੂੰ ਅਰੁਚੀ ਦਾ ਧੱਕਾ ਮਾਰੇਗਾ। ਇਹ ਹੈ ਸਭ ਤੋਂ ਜ਼ਰੂਰੀ ਭਾਵ ਜੋ ਤਜਾਗੀ ਸਾਧੂ ਦੇ ਅੰਦਰ ਸੁਚੇਤ ਪਹਿਰੇਦਾਰ ਵਾਂਙੂ ਹਰ ਵੇਲੇ ਜਾਗਦਾ ਰਹਿੰਦਾ ਹੈ, ਪਰ ਸਾਧੂ ਨੂੰ ਇਸਦੀ ਹੋਂਦ ਨਹੀਂ ਭਾਸਦੀ, ਕਿਉਂਕਿ ਇਹ ਉਸਦੇ ਸੁਭਾਵ ਭੂਤ ਹੋ ਗਿਆ ਹੁੰਦਾ ਹੈ। ਸਾਡੇ ਵਿਚ ਇਕ ਸਾਧੂ ਹੋਏ ਹਨ ਵਿਰੱਕਤ-ਸੰਤ ਈਸ਼ਰ ਸਿੰਘ ਜੀ ਉਨ੍ਹਾਂ ਦਾ ਨਾਮ ਸੀ। ਆਪ ਕਨਖਲ, ਹਰਦੁਆਰ ਰਿਖੀਕੇਸ਼ ਆਦਿ ਥਾਂਈਂ ਰਹਿੰਦੇ ਸਨ। ਆਪ ਸਾਧੂਪਨ ਦਾ ਇਕ ਨਮੂਨਾ ਸਨ। ਸਾਰੇ ਹੀ ਭੇਖ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਆਪ ਨੇ ਇਕ ਵੇਰ ਇਕ ਅਤੀਤ ਸਾਧੂ ਨੂੰ ਆਖਿਆ ਕਿ ਭਾਈ ਜਦ ਸ਼ਹਿਰਾਂ ਵਿਚ ਪ੍ਰਚਾਰ ਕਰਨ ਜਾਓ ਤਾਂ ਵੈਰਾਗ ਨੂੰ ਨਾਲ ਲੈ ਕੇ ਜਾਯਾ ਕਰੋ। ਫੇਰ ਹੱਸ ਕੇ ਬਿਲਾਸ ਨਾਲ ਬੋਲੇ ਕਿ ਦੇਖੋ ਭਾਈ ਸਾਧੋ! ਇਕ ਵੇਰ ਅਸੀਂ ਸ੍ਰੀ ਅੰਮ੍ਰਿਤਸਰ ਯਾਤ੍ਰਾ ਲਈ ਗਏ। ਕੁਛ ਕਥਾ ਵਾਰਤਾ ਸਤਿਸੰਗ ਦਾ ਬੀ ਓਥੇ ਪਰਚਾ ਸੀ! ਹਾਲ ਦਰਵਾਜ਼ੇ ਵੜਨ ਲਗਿਆਂ ਵੈਰਾਗ ਨੇ ਸਾਨੂੰ ਕਿਹਾ ਕਿ ਮਹਾਰਾਜ ਮੈਂ ਤਿੰਨ ਦਿਨ ਏਥੇ ਆਪਦੀ ਉਡੀਕ ਕਰਾਂਗਾ, ਜੇ ਆਪ ਵਧੇਰੇ ਠਹਿਰ ਗਏ ਤਾਂ ਮੈਂ ਤੁਹਾਡੀ ਉਡੀਕ ਨਹੀਂ ਕਰਾਂਗਾ; ਫੇਰ ਤੁਸਾਂ ਮੇਰੀ ਟੋਲ ਕਰਨੀ। ਇਹ ਕਹਿਕੇ ਆਪ ਤਾੜੀ ਮਾਰਕੇ ਹੱਸੇ ਤੇ ਬੋਲੇ ਸੋ ਭਾਈ ਕਿਸੇ ਥਾਂ ਪਰਵਿਰਤੀ ਵਿਚ ਬਹੁਤ ਨਾ ਠਹਿਰਿਆ ਕਰੋ। ਸਾਧੂ ਥਿੰਧੇ ਘੜੇ ਵਾਂਙੂ ਅਲੇਪ ਹੀ ਰਹੇ ਤਾਂ ਪਰਉਪਕਾਰ ਕਰ ਸਕਦਾ ਹੈ। ਇਕ ਥਾਂ ਟਿਕਣੇ ਲਈ ਥੋੜੇ ਦਿਨ ਰਖਿਆ ਕਰੋ। ਉਨ੍ਹਾਂ ਦੇ ਇਸ ਕਥਨ ਦਾ ਇਹ ਭਾਵ ਸੀ ਕਿ ਵਿਰਕਤ ਸਾਧੂ ਨੂੰ ਵੈਰਾਗ ਬਿਨਾਂ ਉਪਕਾਰ ਕਰਨੇ ਦਾ ਅਧਿਕਾਰ ਨਹੀਂ ਹੈ, ਇਸ ਲਈ ਉਸਨੂੰ ਛੇਤੀ ਛੇਤੀ ਏਕਾਂਤ ਵਿਚ ਫੇਰੇ ਮਾਰਦੇ ਰਹਿਣਾ ਚਾਹੀਏ। ਜਿਸ ਨੂੰ ਅਸੀਂ ਮਾਇਆ ਆਖਦੇ ਹਾਂ, ਅਰਥਾਤ 'ਜਗਤ ਦੇ ਰਸਾਂ ਕਸਾਂ ਦਾ ਭੁਲੇਵਾ', ਇਹ ਜੀਵ ਨੂੰ ਬੜੀ ਛੇਤੀ ਲਗਦਾ ਹੈ। ਸੋ ਸਾਧੂ ਨੂੰ ਨਾ ਤਾਂ ਅਤੀਤ ਬਣਨਾ ਚਾਹੀਦਾ ਹੈ, ਤੇ ਨਾ ਅਤੀਤ ਬਣਕੇ ਜਗਤ ਵਿਚ ਜਗਤ ਉਧਾਰ ਲਈ ਨਿਤਰਨਾ ਚਾਹੀਦਾ ਹੈ ਜਦ ਤਕ ਕਿ ਵੈਰਾਗ ਵਿਚ ਪੱਕਾ ਨਾ ਹੋ ਜਾਵੇ। ਭਗਤ ਕਬੀਰ ਜੀ ਦਾ ਵਾਕ ਹੈ "ਬਿਨੁ ਬੈਰਾਗ ਨ ਛੂਟਸਿ ਮਾਇਆ॥"




ਡਜੁਸ਼ੋਜ਼ਾ ਨੇ ਇਕ ਲੰਮਾ ਸਾਹ ਲਿਆ ਤੇ ਕਿਹਾ ਬਹੁਤ ਤੁਲਵੀਆਂ ਗੱਲਾਂ ਕਰਦੇ ਹੋ। ਸਚ ! ਬਹੁਤ ਸੱਚ ! ਪਰ ਵੈਰਾਗ ਤਾਂ ਹੀ ਰਹਿ ਸਕਦਾ ਹੈ ਜੇ ਕਿਸੇ ਉੱਚੇ ਨਾਲ, ਅਰਸ਼ਾਂ ਵਿਚ ਵਸਦੇ ਨਾਲ ਪ੍ਰੇਮ ਹੋਵੇ।

**ਸੰਤ–** ਇਹ ਠੀਕ ਹੈ। ਜਗਤ ਤੇ ਜਗਤ ਦੀ ਲੁਭਾਇਮਾਨਤਾ ਵਲੋਂ ਹੋਵੇ ਵੈਰਾਗ, ਫਿਰ ਜਗਤ ਦੇ ਕਰਤਾਰ ਵਲ, ਸਭ ਸੁੰਦਰਤਾਈਆਂ ਦੇ ਮਾਲਕ ਪ੍ਰੇਮ ਮੂਰਤੀ ਵਾਹਿਗੁਰੂ ਜੀ ਨਾਲ ਹੋਵੇ ਪ੍ਰੇਮ, ਤਾਂ ਹੀ ਸਾਰਾ ਕਾਰਜ ਸੰਪੂਰਨ ਹੁੰਦਾ ਹੈ।

**(ਲੜੀ ਜੋੜਨ ਲਈ 39ਵਾਂ ਅੰਕ ਵੇਖੋ)**

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ

**ਡਜੁਸ਼ੋਜ਼ਾ–** ਬੜਾ ਔਖਾ ਮਾਰਗ ਹੈ।

**ਸੰਤ–** ਗੁਰੂ ਨਾਨਕ ਦੇਵ ਜੀ ਨੇ ਤਾਹੀਓਂ ਫੁਰਮਾਯਾ ਹੈ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**

(ਸਲੋ: ਵਾ: ਤੇ ਵਧੀ: ਮ: ੧-੨੦)

ਸਾਡੇ ਵਿਚ ਇਕ ਵਾਕ ਹੈ:-'ਜੀਵਤ ਮਰਨਾ।' ਆਪ ਸੰਪੂਰਨ ਭਲੇ (ਰਬ ਜੀ) ਵਿਚ ਜੀ ਉੱਠਣਾ ਤੇ ਜਗਤ ਵਿਚ ਸੰਪੂਰਣ ਭਲਿਆਈ ਦਾ ਪ੍ਰਚਾਰ ਕਰਨਾ। ਆਪ ਜਗਤਾਧਾਰ ਨਾਲ ਜੁੜੇ ਰਹਿਣਾ ਤੇ ਜਗਤ ਨੂੰ ਜਗਤਾਧਾਰ ਨਾਲ ਜੋੜਨਾ, ਇਹ ਕੰਮ 'ਜੀਵਤ ਮਰਕੇ' ਹੀ ਸਾਧੂ ਕਰ ਸਕਦਾ ਹੈ। ਇਹੋ ਭਾਵ ਹੈ ਤੁਕਾਂ ਦਾ ਜੋ ਮੈਂ ਵਾਚੀਆਂ ਹਨ।

**ਡਜੁਸ਼ੋਜ਼ਾ–** ਕੀ! ਆਪ ਵਿਚ ਗ੍ਰਿਹਸਤੀ ਸਾਧੂ ਭੀ ਹੁੰਦੇ ਹਨ ?

**ਸੰਤ–** ਜੀ ਹਾਂ! ਜੋ 'ਪ੍ਰਵਾਨ ਗ੍ਰਿਹਸਤ ਉਦਾਸ' ਦਾ ਆਦਰਸ਼ ਧਾਰਨ ਕਰਦੇ ਹਨ ਤੇ ਫੇਰ ਕਿਸੇ ਤਰ੍ਹਾਂ ਆਪਣੀ ਕਮਾਈ ਜਗਤ ਨਾਲ ਵੰਡਦੇ ਹਨ ਤਾਂ ਓਹ ਆਪਣੇ ਵਿਤ ਅਨੁਸਾਰ ਉਪਕਾਰ ਨੂੰ ਬੀ ਕਰਦੇ ਹਨ। ਮਾਇਆ ਪਾਸ ਹੋਣ ਕਰਕੇ ਜਗਤ ਪੀੜਾ ਹਰਨ ਲਈ ਮਾਇਆ ਦਾ ਦਾਨ ਕਿਸੇ ਦਾਨੇ ਤ੍ਰੀਕੇ ਨਾਲ ਕਰਦੇ ਹਨ। ਅਪਣੀ ਵਿਦਜਾ ਵਿਚੋਂ ਵੀ ਦਾਨ ਕਰਦੇ ਹਨ ਤੇ ਅਪਣੇ ਹਰੀਰਸ ਵਿਚੋਂ ਬੀ ਵੰਡ ਵੰਡਾਉਂਦੇ ਹਨ। ਇਹ ਦਾਨ ਕਰਦੇ ਹੋਏ ਓਹ ਨਿਰਮਾਨ ਵਸਦੇ ਹਨ, ਚਾਹੋ ਜਗਤ ਮਾਨ ਦੇਂਦਾ ਹੈ, ਪਰ ਓਹ ਮਨ ਨੂੰ ਮਾਨ ਆਦਿ ਅਲਾਇਸ਼ਾਂ ਤੋਂ ਬੇ-ਲਾਗ ਰੱਖਣ ਲਈ ਇਕ ਸਾਧਨ ਕਰਦੇ ਹਨ ਉਸਨੂੰ ਅਸੀਂ ਇਸ਼ਨਾਨ ਆਖਦੇ ਹਾਂ। ਦੇਹੀ ਨੂੰ ਜਲ ਆਦਿ ਨਾਲ ਸਾਫ ਰਖਣਾ ਇਸ਼ਨਾਨ ਹੈ। ਸਰੀਰ ਨੂੰ ਮਾੜੇ ਕਰਮਾਂ ਵਿਚ ਵਿਚਰਨੋਂ ਵਰਜੀ ਰਖਣਾ ਇਸ਼ਨਾਨ ਹੈ, ਮਨ ਨੂੰ ਅਸ਼ੁਭ ਫੁਰਨਿਆਂ ਤੋਂ ਸਫਾ ਰਖਣਾ ਵੀ ਇਸ਼ਨਾਨ ਹੈ, ਬੁਧੀ ਨੂੰ ਕਿਸੇ ਪਕੜ ਵਿਚ ਨਾ ਅਟਕਣ ਦੇਣਾ ਤੇ ਉੱਜਲ ਰੱਖਣਾ ਵੀ ਇਸ਼ਨਾਨ ਹੈ। ਇਸ ਇਸ਼ਨਾਨ ਲਈ ਗੁਰਬਾਣੀ ਦਾ ਪਾਠ ਕਰਦੇ ਹਨ, ਸੁਣਦੇ ਹਨ, ਵੀਚਾਰ ਕਰਦੇ ਹਨ ਅਤੇ ਉਸ ਗੁਰਬਾਣੀ ਦਾ ਕੀਰਤਨ ਬੀ ਕਰਦੇ ਹਨ। ਜਿਸ ਨਾਲ ਇਕ ਤਾਂ ਵੀਚਾਰ ਨਿਰਮਲ ਤੇ ਉੱਚੀ ਹੁੰਦੀ ਜਾਂਦੀ ਹੈ, ਦੂਸਰੇ ਏਕਾਗਰਤਾ ਆਉਂਦੀ ਹੈ। ਮਨ ਨੂੰ ਦੋ ਹੀ ਵੱਡੀਆਂ ਮੈਲਾਂ ਕਮਜ਼ੋਰ ਕਰਦੀਆਂ ਹਨ: 1. ਮਨ ਦਾ ਵਾਸ਼ਨਾ ਵਿਚ ਖਿੰਡਿਆ ਰਹਿਣਾ ਤੇ 2. ਮਨ ਦਾ ਮਾੜੀਆਂ ਰੁਚੀਆਂ ਦੇ ਪ੍ਰਭਾਵ ਹੇਠ ਟੁਰੇ ਰਹਿਣਾ, ਅਰਥਾਤ ਮੈਲ ਤੇ ਖਿੰਡਾਉ। ਸੋ ਗ੍ਰਿਹਸਤੀ ਗੁਰਮੁਖ ਵੀ ਉਹੀ ਸਾਧਨ ਕਰਦੇ ਹਨ। ਨਾਮ ਦਾ ਅਭਜਾਸ, ਬਾਣੀ ਦਾ ਅਭਜਾਸ, ਸ਼ੁਭ ਕਰਮਾਂ ਦਾ ਅਭਜਾਸ, ਮਾੜੇ ਕਰਮਾਂ ਤੇ ਭਾਵਾਂ ਦੇ ਤਜਾਗ ਦੀ ਤਤਿਖਜਾ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# 100 ਸਾਲ ਪਹਿਲਾਂ

**4 ਨਵੰਬਰ, 1920**

## ਕੀ ਤੁਸੀਂ ਤਯਾਰ ਹੋ ?

ਅਛੂਤ ਜਾਤੀਆਂ ਦੀ ਹਿੰਦ ਵਿਚ ਵਸੋਂ 6 ਕ੍ਰੋੜ ਤੋਂ ਉਪਰ ਹੈ, ਸਿਖਾਂ ਵਿਚ ਵੀ ਇਨ੍ਹਾਂ ਜਾਤੀਆਂ ਦੇ ਦੋ ਲਖ ਤੋਂ ਉਪਰ ਗਿਣਤੀ ਦੇ ਆਦਮੀ ਹਨ। ਈਸਾਈਆਂ ਨੂੰ ਤਜਰਬਾ ਹੋ ਚੁਕਾ ਹੈ, ਕਿ ਉਚ ਜਾਤੀਆਂ ਵਾਲੇ ਆਦਮੀ ਤੇ ਪੜ੍ਹੇ ਲਿਖਜਾਂ ਵਿਚ ਈਸਾਈਅਤ ਦਾ ਕੋਈ ਅਸਰ ਨਹੀਂ ਹੋ ਸਕਦਾ, ਇਸ ਵਾਸਤੇ ਉਹਨਾਂ ਆਪਣੀ ਤਵਜੋ ਇੰਨਾਂ ਅਛੂਤ ਜਾਤੀਆਂ ਵਲ ਫੇਰੀ ਹੈ ਤੇ ਇਹ ਗਲ ਸੱਚ ਹੈ, ਕਿ ਇਨ੍ਹਾਂ ਦੇ ਈਸਾਈ ਬਣਾਣ ਵਿਚ ਉਨ੍ਹਾਂ ਨੂੰ ਕਾਮਯਾਬੀ ਵੀ ਹੋਈ ਹੈ।

ਹੁਣ ਖਬਰ ਆਈ ਹੈ ਜਨਰਲ ਬੌਂਬਾ ਨੀਓਯਾਰਕ (ਅਮ੍ਰੀਕਾ) ਗਏ ਹਨ, ਇਹ 1000 ਮਿਸ਼ਨਰੀ ਭਰਤੀ ਕਰਕੇ ਹਿੰਦ, ਚੀਨ ਤੇਂ ਜਾਪਾਨ ਦੇ ਮਜਹਬਾਂ ਤੇ ਧਾਵਾ ਕਰਨਗੇ।

ਸਿਖ ਅਛੂਤ ਜਾਤੀਆਂ ਵਲੋਂ ਬੇਪ੍ਰਵਾਹ ਹਨ, ਇਨ੍ਹਾਂ ਦੇ ਨਾਲ ਵਰਤਾਓ ਅਛਾ ਨਹੀਂ ਹੋ ਰਿਹਾ, ਸਿਖਾਂ ਪਾਸ ਉਪਦੇਸ਼ਕਾਂ ਦੀ ਕਮੀ ਹੈ, ਸਿਖਾਂ ਦੇ ਪ੍ਰਚਾਰ ਫੰਡ ਲਗ ਭਗ ਖਾਲੀ ਧਨ, ਅਜਹੀ ਹਾਲਤ ਵਿਚ ਈਸਾਈਆਂ ਤੇ ਹੋਣ ਵਾਲੇ ਹਮਲੇ ਦਾ ਮੁਕਾਬਲਾ ਕਰਨ ਲਈ ਤੇ ਆਪਣੇ ਬਚਾਓ ਲਈ ਖਾਲਸਾ ਜੀ ਕੀ ਤੁਸੀਂ ਤਯਾਰ ਹੋ ?

ਜ਼ਾਹਰਾ ਹਾਲਤ ਵਿਚ ਇਸਦਾ ਕੋਈ ਚਿੰਨ੍ਹ ਪ੍ਰਤੀਤ ਨਹੀਂ ਹੁੰਦਾ ਕਿ ਅਸੀਂ ਟਾਕਰੇ ਵਿਚ ਕਾਮਯਾਬ ਹੋ ਸਕਾਂਗੇ। ਈਸਾਈ ਮਿਸ਼ਨਰੀਆਂ ਪਾਸ ਰੁਪਯੇ ਦੀ ਕਮੀ ਨਹੀਂ ਉਹ ਪ੍ਰਚਾਰ ਦੇ ਕੰਮ ਨੂੰ ਬੜੇ ਵਡੇ ਭਾਰੇ ਪੈਮਾਨੇ ਤੇ ਚਲਾ ਰਹੇ ਹਨ, ਇਸਦੇ ਮੁਕਾਬਲੇ ਤੇ ਬਚਾਓ ਦੀ ਸੂਰਤ ਇਸੇ ਵਿਚ ਹੀ ਹੈ ਕਿ ਸਿਖ ਵੀ ਜਾਗਣ ਤੇ ਧਰਮ ਪ੍ਰਚਾਰ ਤੇ ਅਛੂਤਾਂ ਦੇ ਬਚਾਓ ਲਈ ਕੁਰਬਾਨੀ ਕਰਨ।

## ਗੁਰਪੁਰਬ

ਸ਼ੁਕਰਵਾਰ ਸ੍ਰੀ ਗੁਰੂ ਰਾਮਦਾਸ ਜੀ ਦਾ ਅਵਤਾਰ ਦਿਨ ਸੀ। ਪਹਿਲੇ ਦਿਨ ਨਗਰ ਕੀਰਤਨ ਹੋਇਆ, ਸ਼ੈਹਰ ਵਿਚ ਹੜਤਾਲ ਹੋਣ ਦੇ ਬਾਵਜੂਦ ਸੰਗਤਾਂ ਦਿਲਚਸਪੀ ਲਈ, ਸ਼ੁਕਰਵਾਰ ਜਲੌਂ ਲਗਾ, ਸ਼ੈਹਰ ਦੇ ਪ੍ਰੇਮੀਆਂ ਦੇ ਉਦਮ ਨਾਲ ਰਾਤੀਂ ਦੀਪਮਾਲਾ ਹੋਈ, ਆਤਸ਼ਬਾਜ਼ੀ ਚਲੀ, ਦਰਬਾਰ ਸਾਹਿਬ ਵੱਲੋਂ 50) ਰੁਪਯੇ ਤੇਲ ਆਦਿਕ ਲਈ ਇਨ੍ਹਾਂ ਨੂੰ ਦਿੱਤੇ ਗਏ, ਅਖੰਡ ਪਾਠ ਰਖੇ ਗਏ, ਲੰਗਰ ਵਰਤਿਆ।

## ਗੁਰਪੁਰਬ ਟ੍ਰੈਕਟ

ਖਾਲਸਾ ਟ੍ਰੈਕਟ ਸੋਸਾਇਟੀ ਵਲੋਂ ਗੁਰਪੁਰਬ ਪੂਰਨਮਾਸ਼ੀ ਤੇ ਬੜਾ ਮਨੋਹਰ ਟ੍ਰੈਕਟ ਨਿਕਲੇਗਾ, 50 ਤੋਂ ਉਪਰ ਲੈਣ ਵਾਲਿਆਂ ਦੇ ਨਾਮ ਉਪਰ ਛਾਪ ਦਿੱਤੇ ਜਾਣਗੇ। ਟ੍ਰੈਕਟ 96 ਸਫੇ ਦਾ ਹੋਣ ਤੇ ਮੁਲ 15) ਰੁਪਯੇ ਫੀ ਸੈਂਕੜਾ ਹੋਵੇਗਾ। ਸਫਿਆਂ ਦੇ ਵਧਣ ਘਟਣ ਤੇ ਮੁਲ ਵੀ ਵਧ ਘਟ ਜਾਏਗਾ। ਦ੍ਰਖ਼ਾਸਤਾਂ ਸਕੱਤ੍ਰ ਖਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ ਦੇ ਨਾਮ ਆਉਣ।

## ਗੁਰਦੁਆਰਾ "ਬਾਬੇ ਦੀ ਬੇਰ"

ਗੌਰਮਿੰਟ ਪੰਜਾਬ ਵੱਲੋਂ ਹੇਠ ਲਿਖੀ ਸਰਕਾਰੀ ਖਬਰ ਪ੍ਰਕਾਸ਼ਤ ਹੋਈ ਹੈ :-

ਸਿਆਲਕੋਟ ਦੇ ਨੇੜੇ ਬਾਬੇ ਦੀ ਬੇਰ ਦੇ ਨਾਮ ਤੋਂ ਸਿੱਖਾਂ ਦਾ ਜੋ ਗੁਰਦੁਆਰਾ ਹੈ ਉਸਦੇ ਸਨਬੰਧ ਵਿਚ ਕੁਝ ਝੂਠੀਆਂ ਖਬਰਾਂ ਪ੍ਰਕਾਸ਼ਤ ਹੋਈਆਂ ਹਨ, ਇਸ ਲਈ ਗੌਰਮਿੰਟ ਇਹ ਦਸ ਦੇਣਾ ਜ਼ਰੂਰੀ ਸਮਝਦੀ ਹੈ ਕਿ ਗੌਰਮਿੰਟ ਨੇ ਕਿਸੀ ਤਰਾਂ ਭੀ ਗੁਰਦੁਆਰਿਆਂ ਦੇ ਬੰਦੋਬਸਤ ਵਿਚ ਦਖਲ ਨਹੀਂ ਦਿੱਤਾ ਹੈ ਅਰ ਨਾ ਹੀ ਗੌਰਮਿੰਟ ਦੀ ਮਨਜ਼ੂਰੀ ਨਾਲ ਇਸਦਾ ਕੋਈ ਸਰਬਰਾਹ ਮੁਕੱਰਰ ਹੋਯਾ ਹੈ। ਇਹ ਝਗੜਾ ਹੁਣ ਦੀਵਾਨੀ ਅਦਾਲਤ ਵਿਚ ਪੇਸ਼ ਹੈ ਪਰ ਗੌਰਮਿੰਟ ਨੇ ਇਸ ਲਈ ਕਿ ਜੋ ਰੁਪਯਾ ਗੁਰਦੁਆਰੇ ਦੇ ਜ਼ਰੂਰੀ ਖਰਚਾਂ ਲਈ ਹੈ ਉਹ ਅਨੁਚਿਤ ਕੰਮਾਂ ਵਿਚ ਬਰਬਾਦ ਨਾ ਹੋਵੇ ਇਹ ਫੈਸਲਾ ਕੀਤਾ ਹੈ ਕਿ ਸਰਕਾਰੀ ਜਾਗੀਰ ਦੀ ਆਮਦਨੀ ਜੋ ਇਸ ਗੁਰਦੁਆਰੇ ਲਈ ਗੌਰਮਿੰਟ ਨੇ ਦਿੱਤੀ ਹੋਈ ਹੈ ਉਹ ਮੁਕੱਦਮੇ ਦੇ ਫੈਸਲਾ ਹੋਣ ਤੀਕਰ ਕਿਸੀ ਆਦਮੀ ਨੂੰ ਭੀ ਨਾ ਦਿੱਤੀ ਜਾਵੇ।

## ਚੀਫ ਖਾਲਸਾ ਦੀਵਾਨ ਦੀ ਸੈਟਲਮੈਂਟ ਵਿਚ ਅੰਮ੍ਰਿਤ ਪ੍ਰਚਾਰ

ਸੁਪ੍ਰੰਟੰਡੰਟ ਸਾਹਿਬ ਮੁਗਲਪੁਰ ਇਨਡਸਟ੍ਰੀਅਲ ਸੈਟਲਮੈਂਟ ਚੀ.ਖਾ.ਦੀ. ਦੀ ਰੀਪੋਟ ਹੈ ਕਿ ਅਕਤੂਬਰ 1920 ਨੂੰ ਸੈਟਲਮੈਂਟ ਵਿਖੇ ਅੰਮ੍ਰਿਤ ਪ੍ਰਚਾਰ ਹੋਇਆ। 12 ਪੁਰਸ਼ਾਂ ਤੇ 8 ਤੀਵੀਆਂ ਨੇ ਸ੍ਰੀ ਦਸ਼ਮੇਸ਼ ਪਿਤਾ ਜੀ ਦਾ ਪਵਿਤ੍ਰ ਅੰਮ੍ਰਿਤ ਛਕ ਕੇ ਗੁਰਸਿਖੀ ਦੀ ਸ਼ਰਨ ਲਈ ਅਤੇ ਪੂਰਨ ਗੁਰ ਰੀਤੀ ਅਨੁਸਾਰ ਦੇ ਪੂਰਨ ਅਨੰਦ ਵਿਵਾਹ ਕਰਾਏ। ਦੀਵਾਨ ਵੱਲੋਂ ਭਾਈ ਸੰਪੂਰਨ ਸਿੰਘ ਜੀ ਥਾਵਰ ਸਿੰਘ ਜੀ ਦਾ ਕੀਰਤਨੀ ਜਥਾ ਤੇ ਭਾਈ ਬੁਧ ਸਿੰਘ ਜੀ ਉਪਦੇਸ਼ਕ ਭੇਜੇ ਗਏ ਸਨ ਜਿਨ੍ਹਾਂ ਨੇ ਆਪਣੇ ਮਨੋਹਰ ਕੀਰਤਨ ਤੇ ਵਿਖਜਾਨਾਂ ਦੁਆਰਾ ਸਤਿਗੁਰੂ ਦੀ ਪਵਿਤ੍ਰ ਗੁਰਬਾਣੀ ਦਾ ਪ੍ਰਚਾਰ ਕੀਤਾ ਜਿਸਦਾ ਸੰਗਤ ਤੇ ਬੜਾ ਚੰਗਾ ਅਸਰ ਹੋਇਆ।

ਇਸਤੋਂ ਬਿਨਾਂ ਦੀਵਾਨ ਵਿਚ ਸ੍ਰਦਾਰ ਬਲਵੰਤ ਸਿੰਘ ਜੀ ਪੈਨਸ਼ਨਰ ਸੂਬੇਦਾਰ ਤੇ ਭਾਈ ਭਗਵਾਨ ਸਿੰਘ ਜੀ ਦੇ ਢਡ ਸਾਰੰਗੀ ਵਾਲੇ ਜਥੇ ਨੇ ਵੀ ਦਰਸ਼ਨ ਦੇ ਕੇ ਕੀਰਤਨ ਦੁਆਰਾ ਸਾਧ ਸੰਗਤ ਨੂੰ ਨਿਹਾਲ ਕੀਤਾ। ਇਸਤੋਂ ਬਿਨਾਂ ਸਿਖ ਕੰਨਜਾਂ ਪਾਠਸ਼ਾਲਾ ਲਾਹੌਰ ਦੀਆ ਬੀਬੀਆਂ ਨੇ ਵੀ ਦੋ ਘੰਟੇ ਬਰਾਬਰ ਸ਼ਬਦ ਬਾਣੀ ਦਾ ਕੀਰਤਨ ਕੀਤਾ।

ਇਸ ਸ਼ੁਭ ਸਮੇਂ ਤੇ ਸ੍ਰੀਮਾਨ ਸ੍ਰ. ਬ. ਸ੍ਰ. ਹੁਕਮ ਸਿੰਘ ਜੀ ਸੁਪ੍ਰੰਟੰਡੰਟ ਜੇਲ, ਸ੍ਰਦਾਰ ਪਰਤਾਪ ਸਿੰਘ ਜੀ ਅਸਿਸਟੈਂਟ ਸਕੱਤ੍ਰ ਮਿਊਨੀਸੀਪਲ ਕਮੇਟੀ ਲਾਹੌਰ, ਸ੍ਰਦਾਰ ਹਰੀ ਸਿੰਘ ਤੇ ਹਰਨਾਮ ਸਿੰਘ ਜੀ ਬੈਂਕਰ ਨੇ ਅਤੀ ਹੀ ਕ੍ਰਿਪਾਲਤਾ ਕਰਕੇ ਦੀਵਾਨ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ।

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੫, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੮੫}

ਮੂਲ ਵਡਹੰਸੁ ਮਹਲਾ ੧, ਛੰਤ ੴ ਸਤਿਗੁਰ ਪ੍ਰਸਾਦਿ ਅਰਥ

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥ ਨਾਤਾ ਸੋ ਪਰਵਾਣੁ ਸਚੁ ਕਮਾਈਐ॥ ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥ ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥੧॥

ਦੇਹ ਨੂੰ ਝੂਠ ਨਾਲ ਵਿਗਾੜਕੇ (ਮੈਲਿਆਂ ਕਰਕੇ ਫੇਰ) ਕਿਸ ਲਈ ਨਹਾਈਏ? ਨਹਾਉਣਾ ਉਹ ਪਰਵਾਨ ਹੁੰਦਾ ਹੈ ਜੇ ਸਚ ਨੂੰ ਧਿਆਈਏ। ਜਦ (ਮਨੁੱਖ ਦੇ) ਅੰਦਰ ਸੱਚ ਹੋਵੇ ਤਦ (ਮਨੁੱਖ) ਸੱਚਾ ਹੈ ਤੇ ਤਦ ਹੀ ਸੱਚਾ (ਪਰਮੇਸ਼ੁਰ) ਪਾਈਦਾ ਹੈ। (ਭਾਗਾਂ ਵਿਚ) ਲਿਖੇ ਹੋਏ ਤੋਂ ਬਿਨਾਂ ਸੋਝੀ ਨਹੀਂ ਪੈਂਦੀ (ਤੇ ਸੋਝੀ ਤੋਂ ਬਿਨਾਂ) ਬੋਲ ਬੋਲ ਕੇ (ਐਵੇਂ) ਗਵਾਈਦਾ ਹੈ। ਜਿੱਥੇ ਵੀ ਜਾ ਕੇ ਬੈਠੀਏ ਚੰਗੀਆਂ ਗੱਲਾਂ ਕਰੀਏ ਤੇ ਸੁਰਤ ਵਿਚ ਸ਼ਬਦ (ਨਾਮ) ਨੂੰ ਅੰਕਿਤ ਕਰੀਏ। (ਸੋ ਭਾਈ) ਦੇਹ ਨੂੰ ਝੂਠ ਨਾਲ ਵਿਗਾੜਕੇ (ਮੈਲਿਆਂ ਕਰਕੇ ਫੇਰ) ਕਿਸ ਲਈ ਨਹਾਈਏ॥੧॥

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥ ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ॥ ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ॥ ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ॥ ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥੨॥

ਮੈਂ (ਜੋ ਤੇਰਾ) ਕਹਿਣ (ਅਰਥਾਤ ਕਹਿਣੇ ਯੋਗ ਵਸਤੂ ਜੋ ਨਾਮ ਹੈ) ਤਾਂ ਕਿਹਾ (ਅਰਥਾਤ ਸਿਮਰਿਆ) ਹੈ ਜਦ ਤੂੰ (ਮੈਥੋਂ) ਸਿਮਰਾਇਆ ਹੈ। ਹਰੀ ਦਾ ਨਾਮ ਅੰਮ੍ਰਿਤ ਹੈ (ਜੋ) ਮੇਰੇ ਮਨ ਨੂੰ ਭਾਇਆ ਹੈ। (ਜਦ) ਨਾਮ (ਮੇਰੇ) ਮਨ ਨੂੰ ਮਿੱਠਾ ਲੱਗ ਗਿਆ (ਤਦ ਉਸ ਨੇ) ਦੁੱਖ ਦਾ ਡੇਰਾ ਢਾਹ ਦਿੱਤਾ ਅਤੇ ਸੁੱਖ ਮਨ ਵਿਚ ਆਇ ਵਸਿਆ, (ਪਰ ਤਦੋਂ) ਜਦੋਂ ਤੂੰ ਹੁਕਮ ਕੀਤਾ। (ਸਭ ਕੁਝ) ਤੇਰੀ ਕ੍ਰਿਪਾ ਦ੍ਰਿਸ਼ਟੀ (ਤੇ ਹੋਇਆ ਹੈ) ਮੇਰੀ (ਤਾਂ ਇਕ) ਅਰਦਾਸ (ਹੀ ਤੇਰੇ ਅਗੇ ਸੀ, ਤੂੰ) ਜਿਸ ਨੇ ਆਪ (ਮੈਨੂੰ) ਪੈਦਾ ਕੀਤਾ ਸੀ। ਮੈਂ (ਜੋ ਤੇਰਾ) ਕਹਿਣ (ਅਰਥਾਤ) ਕਹਿਣੇ ਯੋਗ (ਵਸਤੂ ਜੋ ਨਾਮ ਹੈ) ਤਾਂ ਕਿਹਾ (ਅਰਥਾਤ ਸਿਮਰਿਆ) ਹੈ ਜਦ ਤੂੰ (ਮੈਥੋਂ) ਸਿਮਰਾਇਆ ਹੈ॥੨॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥ ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ॥ ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ॥ ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥੩॥

(ਇਹ ਜੋ ਮਨੁੱਖਾ ਜਨਮ ਹੈ ਸਾਡੀ) ਕਮਾਈ ਹੋਈ ਕਿਰਤ (ਅਨੁਸਾਰ ਮਾਲਕ ਮਾਨੋ) ਵਾਹਿਗੁਰੂ ਵਾਰੀ ਕਢਾਉਂਦਾ ਹੈ। ਕਿਸੇ ਨੂੰ ਮਾੜਾ ਕਹਿਕੇ ਝਗੜਾ ਨਹੀਂ ਪਾਉਣਾ (ਕਿਸੇ ਨਾਲ ਝਗੜਾ ਪਾਉਣਾ ਵਾਰੀ ਕਢਾਉਣ ਵਾਲੇ ਨਾਲ ਝਗੜਾ ਪਾਉਣਾ ਹੈ। ਸੋ) ਮਾਲਕ ਨਾਲ (ਝਗੜਾ ਪਾ ਕੇ) ਆਪੇ ਆਪਣਾ ਆਪ ਵੰਞਾਉਣਾ ਹੈ (ਜੋ) ਨਹੀਂ ਚਾਹੀਦਾ। ਜਿਸ ਨਾਲ ਸੰਗਤ ਹੋਵੇ (ਓਸ ਨਾਲ) ਸ਼ਰੀਕਾ ਕਰਕੇ (ਭਾਵ ਵਾਹਿਗੁਰੂ ਜੀ ਨਾਲ ਸਾਡੀ ਹਰ ਵਕਤ ਸੰਗਤ ਹੈ, ਉਸ ਨਾਲ ਬਰਾਬਰੀ ਕਰਨੀ ਬਿਰਥਾ ਹੈ, ਭਾਵ ਬਰੱਬਰੀ ਕਰਕੇ ਉਸ ਕੋਲ) ਜਾ ਕੇ ਕਿਉਂ ਰੋਈਏ। ਜੋ (ਓਹ) ਦੇਵੇ ਸਹਿਣਾ ਚਾਹੀਦਾ ਹੈ (ਅਤੇ ਆਪਣੇ) ਮਨ ਨੂੰ ਸਮਝਾਉਣਾ ਚਾਹੀਦਾ ਹੈ, (ਮੂੰਹੋਂ) ਆਖ ਕੇ (ਭਾਵ ਸ਼ਿਕਵੇ ਕਰਕੇ ਬਿਰਥਾ) ਨਹੀਂ ਬੋਲਣਾ ਚਾਹੀਦਾ। (ਇਹ ਜੋ ਮਨੁਖਾ ਜਨਮ ਹੈ ਸਾਡੀ) ਕਮਾਈ ਹੋਈ ਕਿਰਤ (ਅਨੁਸਾਰ ਮਾਲਕ ਮਾਨੋ) ਵਾਹਿਗੁਰੂ ਵਾਰੀ ਕਢਾਉਂਦਾ ਹੈ॥੩॥

ਸਭ ਉਪਾਈਅਨੁ ਅਪਿ ਆਪੇ ਨਦਰਿ ਕਰੇ॥ ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ॥ ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ॥ ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ॥ ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ॥੪॥੧॥

ਸਾਰੀ ਸ੍ਰਿਸ਼ਟੀ (ਉਸ ਨੇ) ਆਪ ਉਪਾਈ ਹੈ, (ਉਹ) ਆਪੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ। ਉਸ ਪਾਸੋਂ (ਕਉੜਾ=) ਦੁੱਖ ਕੋਈ ਨਹੀਂ ਮੰਗਦਾ, ਸਭ ਕੋਈ (ਮਿੱਠਾ=) ਸੁੱਖ ਹੀ ਮੰਗਦਾ ਹੈ। ਸਭ ਕੋਈ ਮਿੱਠਾ ਮੰਗ ਵੇਖੇ, ਪਰ ਖਸਮ ਨੂੰ ਜੋ ਕੁਝ ਭਾਉਂਦਾ ਹੈ ਓਹੀ ਕੁਝ ਕਰਦਾ ਹੈ। (ਉਸ ਤੋਂ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਨ ਲਈ) ਪੁੰਨ ਦਾਨ (ਜਾਂ ਹੋਰ) ਅਨੇਕਾਂ ਕਰਨੀਆਂ ਕੁਛ ਭੀ ਨਾਮ ਦੇ ਤੁੱਲ ਜਾਂ (ਨਾਮ ਦੇ) ਬਰੱਬਰ ਨਹੀਂ ਹੈ। ਹੇ ਨਾਨਕ! ਜਿਨ੍ਹਾਂ ਨੂੰ ਨਾਮ ਮਿਲ ਗਿਆ ਹੈ (ਉਨ੍ਹਾਂ ਉੱਤੇ) ਧੁਰੋਂ ਕਦੇ ਮਿਹਰ ਹੋਈ ਸੀ: (ਕਿਉਂਕਿ) ਸਾਰੀ (ਸ੍ਰਿਸ਼ਟੀ ਉਸ ਨੇ) ਆਪ ਉਪਾਈ ਹੈ ਤੇ ਆਪੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ॥੪॥੧॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਬ੍ਰਿਟਿਸ਼ ਕੰਲੋਬੀਆ ਵਿਧਾਨ ਸਭਾ ਚੋਣਾਂ 'ਚ ਅੱਠ ਪੰਜਾਬੀ ਜੇਤੂ



ਪਹਿਲੇ ਦਸਤਾਰਧਾਰੀ ਵਿਧਾਇਕ ਸ. ਅਮਨ ਸਿੰਘ

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੰਲੋਬੀਆ ਦੀ ਵਿਧਾਨ ਸਭਾ ਲਈ ਹੋਈਆਂ ਮੱਧਕਾਲੀ ਚੋਣਾਂ ਵਿਚ ਸੱਤਾਧਾਰੀ ਪਾਰਟੀ ਨੂੰ ਸਪੱਸ਼ਟ ਬਹੁ-ਮੱਤ ਮਿਲਿਆ ਹੈ। ਉਨ੍ਹਾਂ 87 ਮੈਂਬਰੀ ਵਿਧਾਨ ਸਭਾ 'ਚ 55 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਇਨ੍ਹਾਂ ਚੋਣਾਂ ਵਿਚ ਭਾਰਤੀ ਮੂਲ ਦੇ 22 ਉਮੀਦਵਾਰ ਮੈਦਾਨ ਵਿਚ ਉਤਰੇ ਸਨ ਜਿਨ੍ਹਾਂ ਵਿਚੋਂ 8 ਪੰਜਾਬੀਆਂ ਨੇ ਜਿੱਤ ਹਾਸਲ ਕੀਤੀ ਹੈ। ਰਿਚਮੰਡ ਕੁਈਨਬਰੋ ਹਲਕੇ ਤੋਂ ਜੇਤੂ ਰਹੇ ਅਮਨ ਸਿੰਘ ਵਿਧਾਨ ਸਭਾ 'ਚ ਬੈਠਣ ਵਾਲੇ ਪਹਿਲੇ ਦਸਤਾਰਧਾਰੀ ਵਿਧਾਇਕ ਹੋਣਗੇ। ਹੋਰ ਜਿਹੜੇ ਪੰਜਾਬੀ ਜਿੱਤੇ ਹਨ ਉਨ੍ਹਾਂ ਦੇ ਨਾਂ ਹਨ- ਗਰੀਨ ਟਿੱਬਰ ਤੋਂ ਮਰਹੂਮ ਤੇਰਾ ਸਿੰਘ ਚੰਨ ਦੀ ਦੋਹਤੀ ਰਚਨਾ ਸਿੰਘ, ਪੇਨੋਰਮਾ ਹਲਕੇ ਤੋਂ ਜਿੰਨੀ ਸਿਮਜ਼, ਬਰਨਬੀ ਐਡਮੰਡ ਹਲਕੇ ਤੋਂ ਰਾਜ ਚੌਹਾਨ, ਸਰੀ ਟਿਊਟਨ ਤੋਂ ਹੈਰੀ ਬੈਂਸ, ਸਰੇ ਫਲੀਟਵੁੱਡ ਤੋਂ ਜਗਰੂਪ ਸਿੰਘ ਬਰਾੜ, ਡੈਲਟਾ ਨਾਰਥ ਤੋਂ ਰਵੀ ਕਾਹਲੋਂ ਅਤੇ ਵੈਨਕੂਵਰ ਹੇਸਟਿੰਗਜ਼ ਤੋਂ ਨਿੱਕੀ ਸ਼ਰਮਾ ਨੇ ਜਿੱਤ ਦਰਜ ਕੀਤੀ ਹੈ।

## ਸਿੱਖ ਸਕੂਲ ਨੂੰ ਵਿਦੇਸ਼ੀ ਯੂਨੀਵਰਸਿਟੀ ਦੀ ਮਾਨਤਾ

ਧਾਰੀਵਾਲ ਦੇ ਗੁਰੂ ਤੇਗ਼ ਬਹਾਦਰ ਇੰਟਰਨੈਸ਼ਨਲ ਸਕੂਲ, ਕਲਿਆਣਪੁਰ (ਜ਼ਿਲਾ ਗੁਰਦਾਸਪੁਰ) ਨੂੰ ਅਰੀਜੋਨਾ ਸਟੇਟ ਯੂਨੀਵਰਸਿਟੀ, ਯੂ.ਐਸ.ਏ. ਦੀ ਮਾਨਤਾ ਮਿਲ ਗਈ ਹੈ। ਸਕੂਲ ਦੀ ਪ੍ਰਿੰਸੀਪਲ ਡਾ. ਰਵਨੀਤ ਕੌਰ ਨੇ ਦੱਸਿਆ ਕਿ ਪੂਰੇ ਭਾਰਤ 'ਚ ਇਹ ਪਹਿਲਾ ਸਕੂਲ ਹੈ ਜਿਸ ਨੂੰ ਅਰੀਜੋਨਾ ਸਟੇਟ ਯੂਨੀਵਰਸਿਟੀ, ਯੂ.ਐਸ.ਏ. ਵੱਲੋਂ ਮਾਨਤਾ ਪ੍ਰਾਪਤ ਹੋਈ ਹੈ। ਇਸ ਮਾਨਤਾ ਦੇ ਨਾਲ ਸਕੂਲ ਦੇ ਵਿਦਿਆਰਥੀ ਭਾਰਤੀ ਪੜ੍ਹਾਈ ਦੇ ਨਾਲ-ਨਾਲ ਅਮਰੀਕੀ ਪੜ੍ਹਈ ਵੀ ਕਰ ਸਕਣਗੇ ਜਿਸ ਨਾਲ ਉਹ ਇਸ ਯੂਨੀਵਰਸਿਟੀ ਵਿਚ ਰਜਿਸਟਰਡ ਹੋ ਜਾਣਗੇ ਅਤੇ ਬਾਰ੍ਹਵੀਂ ਦੀ ਪੜ੍ਹਾਈ ਖ਼ਤਮ ਹੋ ਜਾਣ 'ਤੇ ਉਹ ਬਿਨਾਂ ਟਫਲ ਅਤੇ ਸੈਟ ਦੇ ਟੈਸਟ ਤੋਂ ਅਮਰੀਕਾ ਵਿਚ ਪੜ੍ਹਾਈ ਕਰਨ ਲਈ ਜਾ ਸਕਣਗੇ। ਸਕੂਲ ਦੀ ਕਮੇਟੀ ਨੇ ਦੱਸਿਆ ਕਿ ਅਰੀਜੋਨਾ ਸਟੇਟ ਯੂਨੀਵਰਸਿਟੀ ਲਈ ਦਾਖ਼ਲਾ ਸ਼ੁਰੂ ਹੋ ਗਿਆ ਹੈ।

## ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼-ਪੁਰਬ ਸਮਾਗਮਾਂ ਸੰਬੰਧੀ ਕਮੇਟੀ ਕਾਇਮ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼-ਪੁਰਬ ਸੰਬੰਧੀ ਧਾਰਮਿਕ ਸਮਾਗਮਾਂ ਲਈ ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਕਾਇਮ ਕੀਤੀ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਰੱਖਿਆ ਮੰਤਰੀ ਰਾਜਨਾਥ ਸਿੰਘ, ਲੋਕ ਸਭਾ ਸਪੀਕਰ ਓਮ ਬਿਰਲਾ ਸਮੇਤ 70 ਮੈਂਬਰੀ ਇਹ ਕਮੇਟੀ ਇਨ੍ਹਾਂ ਧਾਰਮਿਕ ਸਮਾਗਮਾਂ ਲਈ ਨੀਤੀ, ਸੇਧ ਅਤੇ ਪ੍ਰੋਗਰਾਮਾਂ ਸੰਬੰਧੀ ਯੋਜਨਾ ਉਲੀਕੇਗੀ।

## ਪਹਿਲੇ ਆਸਟ੍ਰੇਲੀਆਈ ਗੁਰੂਘਰ ਨੂੰ ਵਿਰਾਸਤੀ ਦਰਜਾ



ਆਸਟ੍ਰੇਲੀਆ ਦੇ ਸੂਬੇ ਨਿਊ ਸਾਊਥ ਵੇਲਜ਼ ਵਿਚ 1968 ਈ. ਵਿਚ ਸਥਾਪਿਤ ਹੋਏ ਆਸਟ੍ਰੇਲੀਆ ਦੇ ਪਹਿਲੇ ਗੁਰਦੁਆਰੇ ਨੂੰ ਆਸਟ੍ਰੇਲੀਆ ਦੀ ਵਿਰਾਸਤੀ ਸੂਚੀ (ਸਟੇਟ ਹੈਰੀਟੇਜ਼ ਰਜਿਸਟਰ) ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਸ ਨੂੰ ਆਸਟ੍ਰੇਲੀਆ ਅਤੇ ਨਿਊ ਸਾਊਥ ਵੇਲਜ਼ ਵਿਚ ਵੱਸਦੇ ਸਿੱਖ ਭਾਈਚਾਰੇ ਲਈ ਇਕ ਸ਼ਾਨਦਾਰ ਪ੍ਰਾਪਤੀ ਦੱਸਿਆ ਗਿਆ ਹੈ। ਗੁਰਦੁਆਰਾ ਕਮੇਟੀ ਅਨੁਸਾਰ ਇਸ ਸੰਬੰਧੀ 2012 ਵਿਚ ਅਰਜ਼ੀ ਦਿੱਤੀ ਗਈ ਸੀ। ਸਰਕਾਰ ਵੱਲੋਂ ਇਸ ਦੀ ਇਤਿਹਾਸਕ ਮਹੱਤਤਾ, ਭਾਈਚਾਰੇ ਦੀ ਭਰੋਸੇਯੋਗਤਾ, ਇਸ ਸਾਰੇ ਖੇਤਰ ਅਤੇ ਇਮਾਰਤ ਦਾ ਜਾਇਜ਼ਾ ਲੈਣ ਦੀ ਲੰਮੀ ਪ੍ਰਕਿਰਿਆ ਮਗਰੋਂ ਹੀ ਇਹ ਸੰਭਵ ਹੋਇਆ ਹੈ। ✧✧